ਨਗਰ ਨਿਗਮ ਜਲੰਧਰ



ਨਗਰ ਨਿਗਮ ਹਾਊਸ ਦੀ ਮੀਟਿੰਗ

ਮਿਤੀ **25-6-2018**

ਦੀ ਕਾਰਵਾਈ

(ਮਤਾ ਨੰ: **39-109**)

ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 25.06.2018 ਨੂੰ ਹੋਈ ਦੀ ਕਾਰਵਾਈ ।

ਨਗਰ ਨਿਗਮ, ਜਲੰਧਰ ਹਾਊਸ ਦੀ ਮੀਟਿੰਗ ਮਿਤੀ : 25.06.2018 ਨੂੰ ਸਮਾਂ 3.00 ਵਜੇ ਬਾਅਦ ਦੁਪਹਿਰ ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸਨਿਕ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਜਲੰਧਰ ਵਿਖੇ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਹਾਜ਼ਰ ਹੋਏ :-

ਲੜੀ ਨੰ:	ਵਾਰਡ ਨੰਬਰ	ਨਾਮ
1	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3	44	ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ
4	1	ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ
5	2	ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ
6	3	ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ
7	4	ਸ਼੍ਰੀ ਪਰਮਜੀਤ ਸਿੰਘ, ਕੌਂਸਲਰ
8	5	ਸ਼੍ਰੀ ਬਲਜਿੰਦਰ ਕੌਰ, ਕੌਂਸਲਰ
9	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
10	7	ਸ਼੍ਰੀਮਤੀ ਨੀਲਮ, ਕੌਂਸਲਰ
11	8	ਸ਼੍ਰੀ ਸ਼ਮਸ਼ੇਰ ਖਹਿਰਾ, ਕੌਂਸਲਰ
12	9	ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ
13	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
14	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
15	13	ਸ਼੍ਰੀਮਤੀ ਬਿਮਲਾ ਰਾਣੀ, ਕੌਂਸਲਰ
16	15	ਸ਼੍ਰੀਮਤੀ ਡੋਲੀ, ਕੌਂਸਲਰ
17	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
18	17	ਸ਼੍ਰੀਮਤੀ ਸ਼ੈਲੀ ਖੰਨਾ, ਕੌਂਸਲਰ
19	18	ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ
20	19	ਸ਼੍ਰੀਮਤੀ ਊਮਾ ਬੇਰੀ, ਕੌਂਸਲਰ
21	20	ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ
22	21	ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ
23	22	ਸ਼੍ਰੀ ਪ੍ਰੱਭਦਿਆਲ, ਕੌਂਸਲਰ
24	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
25	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
26	26	ਸ਼੍ਰੀ ਰੋਹਨ ਸਹਿਗਲ, ਕੌਂਸਲਰ
27	27	ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ
28	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
29	29	ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ
30	30	ਸ਼੍ਰੀ ਪਵਨ ਕੁਮਾਰ, ਕੌਂਸਲਰ
31	31	ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ
32	32	ਸ਼੍ਰੀ ਸੁੱਚਾ ਸਿੰਘ, ਕੌਂਸਲਰ
33	33	ਸ਼੍ਰੀਮਤੀ ਕਮਲਾ ਰਾਣੀ, ਕੌਂਸਲਰ
34	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
35	35	ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ
36	36	ਸ਼੍ਰੀ ਬਚਨ ਲਾਲ, ਕੌਂਸਲਰ
37	37	ਸ਼੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ

38	38	ਸ਼੍ਰੀ ਓਮਕਾਰ ਰਾਜੀਵ, ਕੌਂਸਲਰ
39	40	ਸ਼੍ਰੀ ਵਰੇਸ਼ ਕੁਮਾਰ, ਕੌਂਸਲਰ
40	41	ਸ਼੍ਰੀਮਤੀ ਅਨੀਤਾ, ਕੌਂਸਲਰ
41	42	ਸ਼੍ਰੀਮਤੀ ਸੁਨੀਤਾ, ਕੌਂਸਲਰ
42	43	ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ
43	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
44	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
45	52	ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ
46	53	ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ
47	54	ਸ਼੍ਰੀਮਤੀ ਰੀਟਾ ਸ਼ਰਮਾਂ, ਕੌਂਸਲਰ
48	55	ਸ਼੍ਰੀਮਤੀ ਵੰਦਨਾਂ, ਕੌਂਸਲਰ
49	56	ਸ਼੍ਰੀ ਪੱਲੀ ਅੱਪਨ, ਕੌਂਸਲਰ
50	57	ਸ਼੍ਰੀਮਤੀ ਰਜਨੀ ਮੱਟੂ, ਕੌਂਸਲਰ
51	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
52	59	ਸ਼੍ਰੀਮਤੀ ਰੀਨਾ, ਕੌਂਸਲਰ
53	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
54	62	ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ
55	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
56	65	ਸ਼੍ਰੀਮਤੀ ਅੰਜਲੀ, ਕੌਂਸਲਰ
57	66	ਸ਼੍ਰੀ ਦਵਿੰਦਰ ਸਿੰਘ, ਕੌਂਸਲਰ
58	67	ਸ਼੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ
59	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ
60	69	ਸ਼੍ਰੀਮਤੀ ਸਰਫੋਂ ਦੇਵੀ, ਕੌਂਸਲਰ
61	70	ਸ਼੍ਰੀ ਗਿਆਨ ਚੰਦ, ਕੌਂਸਲਰ
62	71	ਸ਼੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ
63	72	ਸ਼੍ਰੀ ਮਿੰਟੂ, ਕੌਂਸਲਰ
64	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾਂ, ਕੌਂਸਲਰ
65	74	ਸ਼੍ਰੀ ਮਦਨ ਲਾਲ, ਕੌਂਸਲਰ
66	75	ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ
67	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
68	77	ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ
69	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
70	79	ਸ਼੍ਰੀਮਤੀ ਜਸਪਾਲ ਕੌਰ ਨਾਗਰਾ, ਕੌਂਸਲਰ

ਕੁੱਲ ਹਾਜ਼ਰ 70

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਮੀਟਿੰਗ ਸੁਰੂ ਹੋਣ ਤੇ ਮੇਅਰ ਜੀ ਨੇ ਕਿਹਾ ਕਿ ਅੱਜ ਨਗਰ ਨਿਗਮ, ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ, ਨਗਰ ਨਿਗਮ, ਜਲੰਧਰ, ਸਮੂਹ ਕੌਂਸਲਰ ਸਾਥੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਦਾ ਹਾਂ ਅਤੇ ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਦਿਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਆਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ, ਜਿਹਨਾਂ ਵਿੱਚ ਸ਼੍ਰੀ ਕੁਲਦੀਪ ਸਿੰਘ ਵਡਾਲਾ, ਐਕਸ.ਐਮ.ਐਲ.ਏ, ਸ਼੍ਰੀ ਲੱਖਵਿੰਦਰ ਸਿੰਘ (ਲਵਲੀ) ਭਰਾ ਸ੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ, ਸ਼੍ਰੀ ਲਾਲ ਚੰਦ ਸ਼ਾਰਧਾ ਗਰੈਂਡ ਫਾਦਰ ਆਫ ਸ਼੍ਰੀ ਦੀਪਕ

ਸ਼ਾਰਧਾ ਕੌਂਸਲਰ, ਸ਼੍ਰੀ ਪ੍ਰਿਥਵੀ ਰਾਜ ਜੱਸੀ ਫਾਦਰ ਇਨ ਲਾਅ ਆਫ ਸ਼੍ਰੀ ਜਗਦੀਸ਼ ਸਮਰਾਏ ਕੌਂਸਲਰ, ਸ਼੍ਰੀ ਸ਼ਿਵ ਦਿਆਲ ਭਗਤ ਐਲਡਰ ਬਰੱਦਰਜ਼ ਆਫ ਸ਼੍ਰੀ ਪ੍ਰਭ ਦਿਆਲ ਭਗਤ ਕੌਂਸਲਰ, ਸ਼੍ਰੀਮਤੀ ਹਰਨਾਮ ਕੌਰ ਮਦਰ ਇੰਨ ਲਾਅ ਆਫ ਸ਼੍ਰੀਮਤੀ ਬਲਜਿੰਦਰ ਕੌਂਰ ਕੌਂਸਲਰ, ਸ਼੍ਰੀਮਤੀ ਸੁਰਿੰਦਰ ਕੌਂਰ ਮਦਰ ਇੰਨ ਲਾਅ ਆਫ ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਸ੍ਰੀਮਤੀ ਅਮਰਦੇਵੀ ਮਦਰ ਆਫ ਸ਼੍ਰੀ ਪ੍ਰੱਭਦਿਆਲ ਭਗਤ ਕੌਂਸਲਰ ਅਤੇ ਸ਼੍ਰੀਮਤੀ ਗੁਰਬਚਨ ਕੌਰ ਮਦਰ ਆਫ ਚੋਧਰੀ ਸੁਰਿੰਦਰ ਸਿੰਘ, ਐਮ.ਐਲ.ਏ ਸਨ ।

ਇਸ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਹੈ ਤਾਂ ਦੱਸਿਆ ਜਾਵੇ। ਇਸ ਤੇ ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ ਅਤੇ ਸ਼੍ਰੀ ਸੁਸ਼ੀਲ ਕਾਲੀਆਂ, ਕੌਂਸਲਰ ਵੱਲੋਂ ਮੇਅਰ ਜੀ ਦੇ ਮਾਤਾ ਸ਼੍ਰੀਮਤੀ ਪੂਰਨ ਦੇਵੀ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਸ਼ਰਧਾਂਜਲੀ ਲਈ ਨਾਮ ਤਜਵੀਜ਼ ਕੀਤਾ ਜਿਸ ਤੇ ਸਮੂਹ ਹਾਊਸ ਵੱਲੋਂ ਤਾਈਦ ਕੀਤੀ ਗਈ।

ਮੇਅਰ ਜੀ ਨੇ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਇੰਨ੍ਹਾਂ ਦਿਵੰਗਤ ਆਤਮਾਵਾਂ ਦੀ ਸ਼ਾਂਤੀ ਲਈ ਖੜੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰੀਏ ਜਿਸ ਤੇ ਸਮੂਹ ਹਾਊਸ ਨੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਧਾਰਨ ਕੀਤਾ।

ਇਸ ਉਪਰੰਤ ਮੇਅਰ ਜੀ ਨੇ ਦਸ ਮਿੰਟ ਲਈ ਮੀਟਿੰਗ ਮੁਲਤਵੀ ਕਰਨ ਦੇ ਆਦੇਸ਼ ਦਿੱਤੇ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਦੋਬਾਰਾ ਮੀਟਿੰਗ ਸ਼ੁਰੂ ਹੋਣ ਤੇ ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਦੇ ਇੱਕ ਟਿਊਬਵੈਲ ਦਾ ਵਰਕ ਆਰਡਰ ਹੋਇਆਂ ਇੱਕ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਅਜੇ ਤੱਕ ਕੰਮ ਸ਼ੁਰੂ ਨਹੀਂ ਹੋਇਆ। ਉਹ ਪਿਛਲੀਆਂ ਦੋ ਮੀਟਿੰਗਾਂ ਵਿੱਚ ਇਹ ਗੱਲ ਕਹਿ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ । ਲੋਕ ਪਰੇਸ਼ਾਨ ਹੋ ਰਹੇ ਹਨ। ਕਿਸੇ ਅਫ਼ਸਰ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇ । ਹਰਗੋਬਿੰਦ ਨਗਰ ਦਾ ਟਿਊਬਵੈਲ ਹੀ ਫੇਲ ਹੋ ਚੁੱਕਾ ਹੈ । ਸੀਵਰੇਜ਼ ਦੀ ਸੱਮਸਿਆ ਬਾਰੇ ਉਹ ਪਿਛਲੀ ਮੀਟਿੰਗ ਵਿੱਚ ਵੀ ਮੁੱਦਾ ਉਠਾਇਆ ਸੀ ਕਿ ਸੀਵਰੇਜ਼ ਦੀ ਸੱਮਸਿਆ ਦੇ ਪੱਕੇ ਹਲ ਲਈ ਜੈਤੇਵਾਲੀ ਐਸ.ਟੀ.ਪੀ. ਦੀ ਲਾਈਨ ਨਾਲ ਸੀਵਰੇਜ਼ ਦੀ ਲਾਈਨ ਜ਼ੋੜ ਦਿੱਤੀ ਜਾਵੇ ਪਰ ਕੁਝ ਨਹੀਂ ਹੋਇਆ ।

ਇਸ ਤੇ ਮੇਅਰ ਜੀ ਨੇ ਸਬੰਧਤ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੂੰ ਜਵਾਬ ਦੇਣ ਲਈ ਕਿਹਾ ਤਾਂ ਉਸ ਵਲੋਂ ਦੱਸਿਆ ਗਿਆ ਕਿ ਜਿਹੜੇ ਟਿਊਬਵੈਲ ਦਾ ਵਰਕ ਆਰਡਰ ਹੋਇਆ ਹੈ, ਉਸ ਠੇਕੇਦਾਰ ਦਾ ਐਕਸੀਡੈਂਟ ਹੋਣ ਕਾਰਣ ਉਹ ਕੰਮ ਸ਼ੁਰੂ ਨਹੀਂ ਕਰ ਸਕਿਆ । ਇਸ ਤੇ ਮੇਅਰ ਜੀ ਨੇ ਪੁੱਛਿਆ ਕਿ ਕੀ ਉਸਦਾ ਐਕਸੀਡੈਂਟ ਹੋਏ ਨੂੰ ਸਾਲ ਹੋ ਗਿਆ ਹੈ । ਜੇਕਰ ਨਹੀਂ ਤਾਂ ਕੀ ਉਸਨੂੰ ਕੋਈ ਨੋਟਿਸ ਜਾਰੀ ਕੀਤਾ ਗਿਆ ਹੈ, ਕੋਈ ਪੈਨਲਟੀ ਲਗਾਈ ਗਈ ਹੈ ਤਾਂ ਉਸ ਦੀ ਕਾਪੀ ਕੌਂਸਲਰ ਨੂੰ ਦਿੱਤੀ ਜਾਵੇ ।

ਨਿਗਰਾਨ ਇੰਜੀਨਿਅਰ (ਓ ਐਂਡ ਐਮ) ਵਲੋਂ ਦੱਸਿਆ ਗਿਆ ਕਿ ਇਹ ਕੰਮ 10 ਦਿਨਾਂ ਦੇ ਅੰਦਰ ਅੰਦਰ ਸ਼ੁਰੂ ਹੋ ਜਾਵੇਗਾ। ਸੀਵਰੇਜ਼ ਲਾਈਨ ਨੂੰ ਜੈਤੇਵਾਲੀ ਐਸ.ਟੀ.ਪੀ. ਨਾਲ ਜ਼ੋੜਣ ਦਾ ਕੰਮ ਸੀਵਰੇਜ਼ ਬੋਰਡ ਵਲੋਂ ਕੀਤਾ ਜਾਣਾ ਹੈ । ਹਰਗੋਬਿੰਦ ਨਗਰ ਦੇ ਟਿਊਬਵੈਲ ਦਾ ਟੈਂਡਰ ਕੱਲ ਲਗਾਇਆ ਜਾ ਰਿਹਾ ਹੈ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਇੱਕ ਕਲੋਨੀ ਵਾਲਿਆਂ ਵਲੋਂ ਈ.ਡੀ.ਸੀ. ਚਾਰਜਜ਼ ਦੀਆਂ 12 ਕਿਸ਼ਤਾਂ ਵਿੱਚੋਂ ਪੰਜ ਕਿਸ਼ਤਾਂ ਜਮ੍ਹਾਂ ਕਰਵਾ ਦਿੱਤੀਆਂ ਗਈਆਂ ਸਨ ਅਤੇ ਉਸਨੇ ਬੇਨਤੀ ਕੀਤੀ ਸੀ ਕਿ ਬਾਕੀ ਦੀਆਂ 7 ਕਿਸ਼ਤਾਂ ਦੇ ਪੈਸੇ ਬਨਾ ਕੇ ਦੱਸੇ ਜਾਣ ਤਾਂ ਜ਼ੋ ਉਹ ਇੱਕ ਮੁਸ਼ਤ ਜਮ੍ਹਾ ਕਰਵਾਉਣ ਲਈ ਤਿਆਰ ਹੈ ਜਿਹੜਾ ਕਿ ਲਗਭਗ 60 ਲੱਖ ਰੁਪਏ ਬਣਦਾ ਹੈ । ਪਰ ਦਫ਼ਤਰ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ । ਇਸ ਤੋਂ ਇਲਾਵਾ ਉਸ ਕੋਲੋਨਾਈਜ਼ਰ ਨੇ ਮਿਤੀ 25.4.2018 ਨੂੰ ਇੱਕ ਹੋਰ ਕਿਸ਼ਤ ਰੁ. 10,19,397/- ਦਾ ਚੈਕ ਨਗਰ ਨਿਗਮ ਨੂੰ ਦੇ ਦਿੱਤਾ ਸੀ ਜਿਹੜਾ ਕਿ ਨਗਰ ਨਿਗਮ ਦੇ ਖਾਤੇ ਵਿੱਚ ਅਜੇ ਤੱਕ ਜਮ੍ਹਾਂ ਨਹੀਂ ਹੋਇਆ । ਇਸ ਦੀ ਜਾਂਚ ਕਰਵਾਕੇ ਜਿੰਮੇਵਾਰੀ ਮੁੱਕਰਰ ਕੀਤੀ ਜਾਵੇ ।

ਇਸ ਤੇ ਸਮੂਹ ਹਾਊਸ ਵਲੋਂ ਰੋਸ਼ ਦਾ ਪ੍ਰਗਟਾਵਾ ਕੀਤਾ ਗਿਆ ਜਿਸ ਤੇ ਮੇਅਰ ਜੀ ਨੇ ਸਮੂਹ ਹਾਊਸ ਦੀ ਮੰਸ਼ਾ ਨੂੰ ਮੁੱਖ ਰਖ਼ਦੇ ਹੋਏ ਸਬੰਧਤ ਮਹਿਕਮੇਂ ਨੂੰ ਅਖ਼ੀਰਲੀ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਬਾਰੇ ਜਿੰਮੇਵਾਰੀ ਮੁੱਕਰਰ ਕਰਕੇ ਸਾਰੇ ਕੌਂਸਲਰਾਂ ਨੂੰ ਅਗਲੀ ਮੀਟਿੰਗ ਵਿੱਚ ਜਾਣੂ ਕਰਵਾਇਆ ਜਾਵੇ ।

ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ, ਵਲੋਂ ਮੁੱਦਾ ਉਠਾਇਆ ਗਿਆ ਕਿ ਪਿਛਲੇ 4-5 ਮਹੀਨਿਆਂ ਤੋਂ ਤਨਖ਼ਾਹਾਂ ਸਮੇਂ ਸਿਰ ਨਾ ਮਿਲਣ ਕਾਰਣ ਮਾਹੌਲ ਖ਼ਰਾਬ ਹੁੰਦਾ ਆ ਰਿਹਾ ਹੈ । ਉਹ ਮੰਗ ਕਰਦੇ ਹਨ ਕਿ ਦਰਜਾ 3 ਅਤੇ 4 ਨੂੰ ਮਹੀਨੇ ਦੀ 5 ਜਾਂ 7 ਤਰੀਖ਼ ਤੋਂ ਪਹਿਲਾਂ ਪਹਿਲਾਂ ਤਨਖ਼ਾਹਾਂ ਦੇਣੀਆਂ ਯਕੀਨੀ ਬਣਾਈਆਂ ਜਾਣ । ਜੀ.ਐਸ.ਟੀ. ਦੀ ਰਕਮ ਜਲਦ ਰਲੀਜ਼ ਕਰਵਾਈ ਜਾਵੇ । ਨਗਰ ਨਿਗਮ ਦੇ ਆਪਣੇ ਆਮਦਨ ਦੇ ਸਰੋਤ ਵਧੇਰੇ ਹਨ, ਇਸ ਲਈ ਘੱਟੋ ਘੱਟ ਦਰਜਾ 3 ਅਤੇ 4 ਦੀਆਂ ਤਨਖ਼ਾਹਾਂ ਸਮੇਂ ਸਿਰ ਦਿੱਤੀਆਂ ਜਾਇਆ ਕਰਨ । ਉਹਨਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੇ ਵਾਤਾਵਰਣ ਬੜਾ ਪ੍ਰਦੂਸ਼ਤ ਅਤੇ ਮਿੱਟੀ ਭਰਿਆ ਰਿਹਾ ਹੈ । ਪੇੜ ਪੌਦੇ ਧੜਾਧੜ ਕੱਟੇ ਜਾ ਰਹੇ ਹਨ ਅਤੇ ਨਵੇਂ ਨਹੀਂ ਲਗਾਏ ਜਾ ਰਹੇ ਅਤੇ ਹੁਣ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ, ਇਸ ਲਈ ਤੁਫਾਨੀ ਪੱਧਰ ਤੇ ਸਾਨੂੰ ਸ਼ਹਿਰ ਅੰਦਰ ਵੱਡੇ ਪੱਧਰ ਤੇ ਪਲਾਂਟੇਸ਼ਨ ਸ਼ੁਰੂ ਕਰਵਾ ਦੇਣੀ ਚਾਹੀਦੀ ਹੈ ਤਾਂ ਜ਼ੋ ਵਾਤਾਵਰਣ ਸ਼ੁਧ ਅਤੇ ਹਵਾਦਾਰ ਹੋ ਸਕੇ ।ਬਰਸਾਤਾਂ ਤੋਂ ਪਹਿਲਾਂ ਪਹਿਲਾਂ ਸੀਵਰੇਜ਼ ਦੀ ਸਫਾਈ ਨਾਮਾਤਰ ਹੈ । ਜੇਕਰ ਸ਼ਿਕਾਇਤ ਕਰੀਏ ਤਾਂ ਜਵਾਬ ਮਿਲਦਾ ਹੈ ਕਿ ਸਿਰਫ ਤਿੰਨ ਬੰਦੇ ਹਨ । ਇਸ ਲਈ ਸੀਵਰੇਜ਼ ਦੀ ਸਫਾਈ ਬਰਸਾਤਾਂ ਤੋਂ ਪਹਿਲਾਂ ਪਹਿਲਾਂ ਕਰਵਾ ਲਈ ਜਾਵੇ । ਫਾਗਿੰਗ ਦੀ ਦਵਾਈ ਸਮੇਂ ਸਿਰ ਮੰਗਵਾ ਲਈ ਜਾਵੇ ।ਇਸ ਤੋਂ ਇਲਾਵਾ ਨਗਰ ਨਿਗਮ ਦੀਆਂ ਕੁਝ ਦੁਕਾਨਾਂ ਵੱਲ ਲੱਖਾਂ ਰੁਪਏ ਬਕਾਇਆ ਖੜੇ ਹਨ, ਜਿਨ੍ਹਾਂ ਦੀ ਵਸੂਲੀ ਕੀਤੀ ਜਾਵੇ ਤਾਂ ਜ਼ੋ ਆਮਦਨ ਵਿੱਚ ਵਾਧਾ ਹੋ ਸਕੇ।

ਮੇਅਰ ਜੀ ਨੇ ਦੱਸਿਆ ਗਿਆ ਕੰਸੀਚਿਊਂਸੀ ਵਾਈਜ਼ ਪਲਾਂਟੇਸ਼ਨ ਕਰਵਾਉਣ ਲਈ ਤਖ਼ਮੀਨੇ ਤਿਆਰ ਹਨ ਅਤੇ ਜਲਦ ਪਲਾਂਟੇਸ਼ਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ । ਤਨਖ਼ਾਹਾਂ ਦੀ ਸੱਮਸਿਆ ਸਿਰਫ ਜਲੰਧਰ ਹੀ ਨਹੀਂ ਬਲਕਿ ਪੂਰੇ ਪੰਜਾਬ ਵਿੱਚ ਚਲ ਰਹੀ ਹੈ ਅਤੇ ਇਸ ਕੰਮ ਲਈ ਉਹ ਕਲ੍ਹ ਹੀ ਚੰਡੀਗੜ੍ਹ ਜਾ ਰਹੇ ਹਨ ।

ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਦੱਸਿਆ ਕਿ ਸੁਪਰ ਸਕਸ਼ਨ ਮਸ਼ੀਨਾਂ ਨਾਲ ਸੀਵਰੇਜ਼ ਦੀ ਸਫਾਈ ਦਾ ਕੰਮ ਚਲ ਰਿਹਾ ਹੈ । ਅਸੀਂ ਹਰੇਕ ਵਾਰਡ ਵਿੱਚੋਂ ਇੱਕ-ਇੱਕ ਸੀਵਰਮੈਨ ਕੱਢ ਕੇ ਟੀਮਾਂ ਬਨਾਉਣ ਜਾ ਰਹੇ ਹਾਂ । ਛੋਟੀਆਂ ਗਲੀਆਂ ਵਿੱਚ ਸੀਵਰੇਜ਼ ਦੀ ਸਫਾਈ ਲਈ ਛੋਟੀਆਂ ਮਸ਼ੀਨਾਂ ਦੇ ਟੈਂਡਰ ਲਗਾਏ ਜਾ ਰਹੇ ਹਨ ।

ਮੇਅਰ ਜੀ ਨੇ ਤਹਿਬਜ਼ਾਰੀ ਸੁਪਰਡੰਟ ਨੂੰ ਹਦਾਇਤ ਕੀਤੀ ਕਿ ਅਗਲੀ ਮੀਟਿੰਗ ਤੋਂ ਪਹਿਲਾਂ-ਪਹਿਲਾਂ ਅਜਿਹੇ ਬਕਾਇਆਜਾਤ ਸਬੰਧੀ ਸੂਚੀ ਤਿਆਰ ਕਰਕੇ ਉਹਨਾਂ ਦੇ ਦਫ਼ਤਰ ਪਹੁੰਚਾਈ ਜਾਵੇ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜੇਕਰ ਕੋਈ ਟਿਊਬਵੈਲ ਖ਼ਰਾਬ ਹੁੰਦਾ ਹੈ ਤਾਂ ਤਿੰਨ ਦਿਨਾਂ ਬਾਅਦ ਠੀਕ ਹੁੰਦਾ ਹੈ। ਇੱਕ ਨੰਬਰ ਚੌਂਕੀ ਦੇ ਸਾਹਮਣੇ ਪੈਂਦੇ ਟਿਊਬਵੈਲ ਦੀ ਤਿੰਨ ਦਿਨਾਂ ਬਾਅਦ ਵੀ ਮੋਟਰ ਠੀਕ ਨਹੀਂ ਹੋਈ ।

ਇਸ ਤੇ ਮੇਅਰ ਜੀ ਨੇ ਐਸ.ਈ.(ਓ ਐਂਡ ਐਮ) ਨੂੰ ਪੁੱਛਿਆ ਕਿ ਇਸ ਸਬੰਧੀ ਟਿਊਬਵੈਲਾਂ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦੀਆਂ ਕੀ ਕੰਡੀਸ਼ਨਾਂ ਹਨ ।ਜਿਸ ਤੇ ਐਸ.ਈ. ਨੇ ਦੱਸਿਆ ਕਿ 24 ਘੰਟੇ ਅੰਦਰ ਅੰਦਰ ਫਾਲਟ ਦੂਰ ਕਰਨਾ ਹੁੰਦਾ ਹੈ। ਮੇਅਰ ਜੀ ਨੇ ਪੁੱਛਿਆ ਕਿ ਜੇਕਰ 24 ਘੰਟੇ ਅੰਦਰ ਫਾਲਟ ਠੀਕ ਨਹੀਂ ਹੁੰਦਾ ਤਾਂ ਕੀ ਉਸ ਠੇਕੇਦਾਰ ਨੂੰ ਜੁਰਮਾਨਾ ਲਗਾਇਆ ਜਾਂਦਾ ਹੈ ਤਾਂ ਐਸ.ਈ ਵਲੋਂ ਦੱਸਿਆ ਗਿਆ ਕਿ ਜੁਰਮਾਨਾ ਲਗਾਉਣ ਦੀ ਪਰੋਵਿਜ਼ਨ ਤਾਂ ਹੈ ਪਰ ਲਗਾਇਆ ਨਹੀਂ ਜਾਂਦਾ ।ਇਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਕਿ ਸੀ.ਐਸ.ਆਰ. ਦੇ ਰੂਲਾਂ ਅਨੁਸਾਰ ਟਰਮਜ਼ ਅਤੇ ਕੰਡੀਸ਼ਨਾਂ ਨੂੰ ਇਮਪਲੀਮੈਂਟ ਕੀਤਾ ਜਾਵੇ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਦੱਸਿਆ ਜਾਵੇ ਕਿ ਗਾਰਬੇਜ਼ ਕੁਲੈਕਸ਼ਨ ਦੀ ਡਿਊਟੀ ਸੈਨੇਟਰੀ ਇੰਸਪੈਕਟਰ ਦੀ ਹੈ ਜਾਂ ਕੌਂਸਲਰ ਦੀ ।

ਮੇਅਰ ਜੀ ਨੇ ਏ.ਐਚ.ਓ. ਨੂੰ ਜਵਾਬ ਦੇਣ ਲਈ ਕਿਹਾ ਤਾਂ ਉਸ ਵਲੋਂ ਦੱਸਿਆ ਗਿਆ ਕਿ ਇਸ ਵੇਲੇ ਸਾਡੇ ਕੋਲ ਸਿਰਫ 25-26 ਹੀ ਟਾਟਾ ਏਸ ਗੱਡੀਆਂ ਹਨ । ਸਤੰਬਰ 2017 ਵਿੱਚ ਅਸੀਂ 45 ਹੋਰ ਟਾਟਾ ਏਸ ਗੱਡੀਆਂ ਲੈਣ ਲਈ ਮਤਾ ਪ੍ਰਵਾਨ ਕਰਵਾਇਆ ਹੋਇਆ ਹੈ । ਰੇਹੜੇ ਖ਼ਰੀਦ ਕਰਨ ਸਬੰਧੀ ਅੱਜ ਦੇ ਅਜੰਡੇ ਵਿੱਚ ਮਤਾ ਪੇਸ਼ ਕੀਤਾ ਗਿਆ ਹੈ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕੂੜਾ ਚੁੱਕਣ ਵਾਲੀ ਟਰਾਲੀ ਨੇ ਕਿੰਨੇ ਗੇੜੇ ਲਗਾਉਣ ਹੁੰਦੇ ਹਨ, ਦੱਸਿਆ ਜਾਵੇ ।ਕਿਉਂਕਿ ਉਹਨਾਂ ਦੇ ਵਾਰਡ ਵਿੱਚ ਟਰਾਲੀ ਸਿਰਫ ਇੱਕ ਗੇੜਾ ਹੀ ਲਗਾਉਂਦੀ ਹੈ ।ਇਸ ਤੇ ਏ.ਐਚ.ਓ. ਵਲੋ ਦੱਸਿਆ ਗਿਆ ਕਿ ਸਬੰਧਤ ਠੇਕੇਦਾਰ ਨੂੰ ਨੋਟਿਸ ਦੇ ਰਹੇ ਹਾਂ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਪੈਂਦਾ ਡਿਸਪੋਜ਼ਲ ਖ਼ਰਾਬ ਹੈ । ਫਰੀਮੈਨ ਠੇਕੇਦਾਰ ਕੋਲ ਇਸ ਦੀ ਮੇਨਟੀਨੈਂਸ ਦਾ ਕੰਮ ਹੈ ਅਤੇ ਪਿਛਲੇ 6 ਮਹੀਨੇ ਵਿੱਚ ਉਸ ਨੇ ਇਸ ਦੀ ਮੋਟਰ ਠੀਕ ਨਹੀਂ ਕਰਵਾਈ । ਜੇਕਰ ਕਲ੍ਹ ਬਰਸਾਤ ਹੋ ਜਾਂਦੀ ਹੈ ਤਾਂ ਕੀ ਕਰਾਂਗੇ ।ਇਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਹਦਾਇਤ ਕੀਤੀ ਕਿ ਕਲ੍ਹ ਹਰ ਹਾਲ੍ਹਤ ਵਿੱਚ ਇਹ ਮੋਟਰ ਠੀਕ ਹੋਣੀ ਚਾਹੀਦੀ ਹੈ ।

ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਦੇ ਲਾਈਟ ਪੈਟਰੋਲਰ ਉਹਨਾਂ ਨੂੰ ਕਦੇ ਸੰਪਰਕ ਨਹੀਂ ਕਰਦੇ ਕਿ ਕਿੰਨੀਆਂ ਲਾਈਟਾਂ ਖ਼ਰਾਬ ਹਨ ਅਤੇ ਕਿੰਨੀਆਂ ਚਲਦੀਆਂ ਹਨ । ਉਹਨਾਂ ਨੂੰ ਅੱਜ ਤੱਕ ਤਿੰਨ ਸੀਵਰਮੈਨ ਨਹੀਂ ਮਿਲੇ । ਜਿਸ ਤੇ ਸਬੰਧਤ ਕਾਰਜਕਾਰੀ ਇੰਜੀਨਿਅਰ ਨੇ ਕਿਹਾ ਕਿ ਉਹ ਖੁਦ ਉਹਨਾਂ ਪਾਸ ਆਉਣਗੇ ਅਤੇ ਮੌਕਾ ਵੇਖਣਗੇ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਗਦੱਈਪੁਰ ਵਿਖੇ 12 ਇੰਚ ਦੀ ਪਾਈਪ ਨਹਿਰ ਵਿੱਚ ਨਜਾਇਜ਼ ਢੰਗ ਨਾਲ ਕਰਾਸ ਕਰ ਕੇ ਪਾਈ ਗਈ ਹੈ ਅਤੇ ਜਦ ਉਹਨਾਂ ਐਸ.ਈ. ਨੂੰ ਸ਼ਿਕਾਇਤ ਕੀਤੀ ਤਾਂ ਉਹਨਾਂ ਕਿਹਾ ਕਿ ਇਸ ਤਰ੍ਹਾਂ ਦੇ ਕੰਮ ਰੋਜ਼ਾਨਾ ਹੀ ਹੁੰਦੇ ਰਹਿੰਦੇ ਹਨ। ਉਹਨਾਂ ਮੰਗ ਕੀਤੀ ਕਿ ਸਬੰਧਤ ਵਿਅੱਕਤੀ ਖ਼ਿਲਾਫ ਐਫ.ਆਈ.ਆਰ. ਦਰਜ ਕਰਵਾਈ ਜਾਵੇ ।

ਇਸ ਤੇ ਐਸ.ਈ. (ਓ ਐਂਡ ਐਮ) ਨੇ ਜਵਾਬ ਦਿੱਤਾ ਕਿ ਸ਼ਿਕਾਇਤ ਮਿਲਣ ਤੇ ਉਸੇ ਵੇਲੇ ਇਹ ਪਾਈਪ ਕਟਵਾ ਦਿੱਤੀ ਗਈ ਸੀ । ਜਿੱਥੋਂ ਤੱਕ ਐਫ.ਆਈ.ਆਰ. ਦਰਜ ਕਰਨ ਦੀ ਗੱਲ ਹੈ, ਇਹ ਕੰਮ ਔਖਾ ਹੈ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹ ਪੈਚ ਵਰਕ ਲਗਵਾ ਰਹੇ ਸਨ ਤਾਂ ਕੁਝ ਰਾਜਨੀਤਕ ਲੋਕ ਆਉਂਦੇ ਹਨ ਅਤੇ ਕੰਮ ਬੰਦ ਕਰਵਾ ਕੇ ਚਲੇ ਜਾਂਦੇ ਹਨ । ਜੇਕਰ ਇੰਨਾ ਹੀ ਪੋਲੀਟਿਕਲ ਪਰੈਸ਼ਰ ਰੱਖਣਾ ਹੈ ਤਾਂ ਸਾਨੂੰ ਘਰੇ ਬਿਠਾ ਦਿੱਤਾ ਜਾਵੇ। ਉਹਨਾਂ ਅੱਗੇ ਕਿਹਾ ਕਿ ਉਹਨਾਂ ਦੇ ਇਲਾਕੇ ਸਵਰਨ ਪਾਰਕ ਵਿੱਚ ਕਿਸੇ ਮੋਬਾਇਲ ਕੰਪਨੀ ਦਾ ਟਾਵਰ ਲੱਗ ਰਿਹਾ ਹੈ ਅਤੇ ਉਹ ਰਿਹਾਇਸ਼ੀ ਏਰੀਆ ਹੈ, ਇਸ ਲਈ ਇਸ ਟਾਵਰ ਦੀ ਐਨ.ਓ.ਸੀ. ਰੱਦ ਕੀਤੀ ਜਾਵੇ । ਕਿਉਂ ਜ਼ੋ ਲੋਕਾਂ ਵਿੱਚ ਬਹੁਤ ਰੋਸ਼ ਹੈ । ਮਹਿਕਮੇਂ ਵਲੋਂ ਪਹਿਲਾਂ ਵੀ ਕਈ ਟਾਵਰਾਂ ਦੀ ਐਨ.ਓ.ਸੀ. ਰੱਦ ਕੀਤੀਆਂ ਗਈਆਂ ਹਨ, ਇਸ ਲਈ ਇਸ ਦੀ ਐਨ.ਓ.ਸੀ. ਵੀ ਰੱਦ ਕੀਤੀ ਜਾਵੇ ।ਉਹਨਾਂ ਸਫਾਈ ਕਰਮਚਾਰੀ ਵਧਾਉਣ ਦੀ ਮੰਗ ਵੀ ਰੱਖੀ ਅਤੇ ਇਹ ਵੀ ਕਿਹਾ ਕਿ ਬਰਾਬਰ ਦੇ ਸਫਾਈ ਸੇਵਕ ਵੰਡੇ ਜਾਣ ।

ਸ੍ਰੀ ਮਨਦੀਪ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਢਿਲਵਾਂ ਅਤੇ ਧੰਨੋਵਾਲੀ ਵਿਖੇ 15-15 ਦਿਨ ਕੂੜਾ ਨਹੀਂ ਉਠਾਇਆ ਜਾਂਦਾ । ਇਸ ਦੀ ਰੈਗੁਲਰ ਲਿਫਟਿੰਗ ਕਰਵਾਈ ਜਾਵੇ । ਧੰਨੋਵਾਲੀ ਵਿਖੇ ਸੀਵਰੇਜ਼ ਪਾ ਦਿੱਤਾ ਗਿਆ ਹੈ ਪਰ ਜਦ ਤੱਕ ਇਸ ਨੂੰ ਐਸ.ਟੀ.ਪੀ. ਨਾਲ ਨਹੀਂ ਜ਼ੋੜਿਆ ਜਾਂਦਾ ਤਦ ਤੱਕ ਜਿਹੜਾ ਛੱਪੜ ਹੈ ਉਸਨੂੰ ਡੂੰਘਾ ਕਰਕੇ ਪਾਣੀ ਉਸ ਵਿੱਚ ਸੁੱਟ ਦਿੱਤਾ ਜਾਵੇ ਤਾਂ ਜ਼ੋ ਮੁੱਹਲਿਆਂ ਗਲੀਆਂ ਵਿੱਚ ਸੀਵਰ ਦਾ ਪਾਣੀ ਨਾ ਖ਼ੜਾ ਹੋ ਸਕੇ ।

ਇਸ ਤੇ ਸ੍ਰੀ ਬਲਜੀਤ ਸਿੰਘ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਦੋ ਮਹੀਨੇ ਵਿੱਚ ਇਹ ਸੀਵਰ ਲਾਈਨ ਐਸ.ਟੀ.ਪੀ. ਨਾਲ ਜ਼ੋੜ ਦਿੱਤਾ ਜਾਵੇਗਾ ਅਤੇ ਇਹ ਕੰਮ ਸੀਵਰੇਜ਼ ਬੋਰਡ ਵਲੋਂ ਕੀਤਾ ਜਾਣਾ ਹੈ ।

ਸ੍ਰੀ ਮਨਦੀਪ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਇਲਾਕੇ ਅਰਮਾਨ ਨਗਰ ਵਿਖੇ ਜਦ ਤੱਕ ਟਿਊਬਵੈਲ ਸੁਰੂ ਨਹੀਂ ਹੁੰਦਾ ਤਦ ਤੱਕ ਟੈਂਕਰ ਭੇਜਣੇ ਯਕੀਨੀ ਬਣਾਏ ਜਾਣ ।ਉਹਨਾਂ ਇਹ ਵੀ ਮੰਗ ਕੀਤੀ ਕਿ ਧੰਨੋਵਾਲੀ ਵਿਖੇ ਕਾਫੀ ਸਟਰੀਟ ਲਾਈਟ ਦੇ ਪੁਆਇੰਟਸ ਸੜ ਗਏ ਹਨ, ਜਲਦ ਠੀਕ ਕਰਵਾਏ ਜਾਣ ।

ਮੇਅਰ ਜੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਤੁਹਾਡੇ ਇਸ ਇਲਾਕੇ ਵਿੱਚ ਐਲ.ਈ.ਡੀ. ਲਾਈਟਾਂ ਲਗਵਾ ਦਿੱਤੀਆਂ ਜਾਣਗੀਆਂ ।ਮੇਅਰ ਜੀ ਨੇ ਕਿਹਾ ਕਿ ਉਹਨਾਂ ਨੂੰ ਕਮਿਸ਼ਨਰ ਜੀ ਨੇ ਦੱਸਿਆ ਹੈ ਕਿ ਐਲ.ਈ.ਡੀ. ਕੰਪਨੀ ਵਾਰਡ ਲੈਵਲ ਤੇ ਕੰਮ ਕਰਨ ਲਈ ਤਿਆਰ ਹੈ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀ ਮਨਦੀਪ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਿਹੜੇ ਮਾਲੀਆਂ ਨੂੰ ਬਤੌਰ ਗ੍ਰਾਂਟ 1000/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ, ਬਹੁਤ ਘੱਟ ਹੈ, ਇਹਨਾਂ ਨੂੰ ਡੀ.ਸੀ.ਰੇਟ ਤੇ ਤਨਖ਼ਾਹ ਦੇਣੀ ਪਾਸ ਕਰਨੀ ਚਾਹੀਦੀ ਹੈ । ਇਸ ਤੇ ਮੇਅਰ ਜੀ ਨੇ ਸਮੂਹ ਹਾਊਸ ਦੀ ਰਾਏ ਲਈ ਅਤੇ ਸਰਵਸੰਮਤੀ ਨਾਲ ਸੋਸਾਇਟੀਆਂ ਵਿੱਚ ਰੱਖੇ ਮਾਲੀਆਂ ਨੂੰ ਡੀ.ਸੀ.ਰੇਟ ਤੇ ਤਨਖ਼ਾਹ ਦੇਣਾ ਪ੍ਰਵਾਨ ਕੀਤਾ ਗਿਆ ।

ਸ੍ਰੀ ਮਨਦੀਪ ਜੱਸਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਿਹੜੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ ਜਾਂ ਮਾਲਜ਼ ਵਾਲਿਆਂ ਨੇ ਨਕਸ਼ੇ ਪਾਸ ਕਰਵਾਉਣ ਵੇਲੇ ਪਾਰਕਿੰਗ ਦਰਸਾਈ ਗਈ ਹੈ, ਉਥੇ ਸ਼ੋ-ਰੂਮ ਖੁਲ੍ਹੇ ਹੋਏ ਹਨ ਅਤੇ ਪਾਰਕਿੰਗ ਬਾਹਰ ਸੜਕਾਂ ਤੇ ਹੋ ਰਹੀ ਹੈ, ਨੂੰ ਚੈਕ ਕਰਵਾਇਆ ਜਾਵੇ ।ਉਹਨਾਂ ਇਹ ਵੀ ਮੰਗ ਕੀਤੀ ਕਿ ਜਿਹੜੀਆਂ ਕਲੌਨੀਆਂ ਪਿਛਲੇ 10 ਸਾਲਾਂ ਵਿੱਚ ਕੱਟੀਆਂ ਗਈਆਂ ਹਨ, ਦੀ ਵੀ ਜਾਂਚ ਕਰਵਾਈ ਜਾਵੇ ।

ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਇੰਡਸਟਰੀਅਲ ਏਰੀਆ ਡਿਸਪੋਜ਼ਲ ਵਿਖੇ 35 ਟਿਊਬਵੈਲਾਂ ਦਾ ਪਾਣੀ ਡਿਸਚਾਰਜ ਹੋਣ ਲਈ ਆਉਂਦਾ ਹੈ ਪ੍ਰੰਤੂ ਸਟਾਫ ਦੀ ਘਾਟ ਹੋਣ ਕਾਰਣ ਇਹ ਡਿਸਪੋਜ਼ਲ ਸਹੀ ਢੰਗ ਨਾਲ ਨਹੀਂ ਚਲ ਰਿਹਾ ਜਿਸ ਕਰਕੇ ਖ਼ਾਸ ਤੌਰ ਤੇ ਤੋਬੜੀ ਮੁੱਹਲੇ ਵਿੱਚ ਜਿਹੜਾ ਕਿ ਨੀਵਾਂ ਇਲਾਕਾ ਹੈ, ਪਾਣੀ ਨਾਲ ਡੁੱਬਿਆ ਰਹਿੰਦਾ ਹੈ।ਇਥੇ ਪਾਣੀ ਦੀ ਲਾਈਨ 14 ਫੁੱਟ ਡੂੰਘੀ ਹੈ ।ਅਮਰ ਗਾਰਡਨ ਦਾ ਪਾਣੀ ਵੀ ਬੈਕ ਮਾਰ ਰਿਹਾ ਹੈ ।

ਇਸ ਤੇ ਐਸ.ਈ.(ਓ ਐਂਡ ਐ) ਨੇ ਦੱਸਿਆ ਕਿ ਡਿਸਪੋਜ਼ਲ ਵਿਖੇ ਤਿੰਨ ਸ਼ਿਫਟਾਂ ਚਲਦੀਆਂ ਹਨ, ਉਹ ਖੁਦ ਚੈਕ ਕਰਨਗੇ । ਜਿੱਥੋਂ ਤੱਕ ਤੋਬੜੀ ਮੁਹੱਲੇ ਦੀਆਂ ਡੂੰਘੀਆਂ ਲਾਈਨਾਂ ਦੀ ਗੱਲ ਹੈ, ਅਮਰੁਤ ਸਕੀਮ ਤਹਿਤ ਇੱਥੇ ਕਰਵਾਏ ਜਾਣ ਵਾਲੇ ਕੰਮ ਦੇ ਟੈਂਡਰ 2 ਤਰੀਕ ਨੂੰ ਆ ਰਹੇ ਹਨ ।

ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਸੋਡਲ ਮੰਦਰ ਇੱਕ ਇਤਹਾਸਕ ਮੰਦਰ ਹੈ ਅਤੇ ਇੱਥੇ ਸਫਾਈ ਦਾ ਬਹੁਤ ਮਾੜਾ ਹਾਲ ਹੈ । ਇੱਥੇ ਸਫਾਈ ਲਈ ਸਪੈਸ਼ਲ ਟਰਾਲੀ ਦਿੱਤੀ ਜਾਵੇ ।

ਇਸ ਤੇ ਏ.ਐਚ.ਓ. ਵਲੋਂ ਦੱਸਿਆ ਗਿਆ ਕਿ ਮੰਦਰ ਦੇ ਆਲ੍ਹੇ-ਦੁਆਲ੍ਹੇ ਦੀ ਸਫਾਈ ਮਹਿਕਮੇਂ ਵਲੋਂ ਕਰਵਾਈ ਜਾਂਦੀ ਹੈ ਫਿਰ ਵੀ ਅੱਗੇ ਤੋਂ ਖਾਸ ਧਿਆਨ ਰੱਖਿਆ ਜਾਵੇਗਾ ।

ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਗੋਬਿੰਦ ਨਗਰ, ਨਿਊ ਗੋਬਿੰਦ ਨਗਰ ਵਿੱਚ ਸਿਰਫ 3 ਸਫਾਈ ਸੇਵਾਕ ਹਨ । ਇਸ ਤੇ ਮੇਅਰ ਜੀ ਨੇ ਦੱਸਿਆ ਕਿ ਇਸ ਸਬੰਧੀ ਤੁਸੀਂ ਐਮ.ਐਲ.ਏ. ਨਾਲ ਸੰਪਰਕ ਕਰੋ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਵਲੋਂ ਮਾਸਟਰ ਤਾਰਾ ਸਿੰਘ ਨਗਰ ਵਿਖੇ ਬੰਦ ਪਈਆਂ ਸਟਰੀਟ ਲਾਈਟਾਂ ਸਬੰਧੀ ਪਹਿਲਾਂ ਮਿਤੀ 8.3.18 ਨੂੰ ਸ਼ਿਕਾਇਤ ਨੰਬਰ 25 ਰਸੀਟ ਕਰਵਾਈ ਗਈ । ਫਿਰ ਮਿਤੀ 11.4.2018 ਨੂੰ ਸ਼ਿਕਾਇਤ ਨੰਬਰ 47 ਅਤੇ ਫਿਰ ਮਿਤੀ 8.6.2018 ਨੂੰ ਤਿੰਨ ਵਾਰ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਪਰ ਕਿਸੇ ਤੇ ਕੋਈ ਕਾਰਵਾਈ ਨਹੀਂ ਹੋਈ । ਇੱਥੋਂ ਤੱਕ ਕਿ ਸੀ.ਆਈ.ਡੀ. ਦਫ਼ਤਰ ਦੇ ਬਾਹਰ ਵੀ 3-4 ਪੁਆਇੰਟ ਬੰਦ ਪਏ ਹਨ ।ਉਹਨਾਂ ਮੰਗ ਕੀਤੀ ਕਿ ਨਿਯਮਾਂ ਅਨੁਸਾਰ ਇਹਨਾਂ ਸ਼ਿਕਾਇਤਾਂ ਨੂੰ ਠੀਕ ਨਾ ਕਰਵਾਉਣ ਲਈ ਸਬੰਧਤ ਠੇਕੇਦਾਰ ਨੂੰ ਜੁਰਮਾਨਾ ਲਗਾਇਆ ਜਾਵੇ ।

ਮੇਅਰ ਜੀ ਨੇ ਐਸ.ਈ.(ਲਾਈਟ) ਨੂੰ ਇਹਨਾਂ ਸ਼ਿਕਾਇਤਾਂ ਦੀ ਕਾਪੀ ਦੇ ਕੇ ਬਣਦਾ ਜੁਰਮਾਨਾ ਲਗਾਉਣ ਲਈ ਹਦਾਇਤ ਕੀਤੀ ।

ਸ੍ਰੀਮਤੀ ਉਮਾ ਬੇਰੀ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਗਰਮੀ ਦਾ ਮੌਸਮ ਹੈ ਅਤੇ ਪਾਣੀ ਦੀ ਮੰਗ ਨੂੰ ਮੁੱਖ ਰਖਦੇ ਹੋਏ ਬਿਜਲੀ ਬੋਰਡ ਨਾਲ ਤਾਲਮੇਲ ਕੀਤਾ ਜਾਵੇ ਕਿਉਂ ਜ਼ੋ ਜਦ ਟਿਉਬਵੈਲ ਚਲਾਉਣ ਦਾ ਸ਼ਡਿਊਲ ਹੁੰਦਾ ਹੈ ਤਾਂ ਬਿਜਲੀ ਨਹੀਂ ਹੁੰਦੀ ਅਤੇ ਜਦ ਬਿਜਲੀ ਹੁੰਦੀ ਹੈ ਤਾਂ ਟਿਊਬਵੈਲ ਨਹੀਂ ਚਲਦੇ ।

ਇਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਇਹ ਮਾਮਲਾ ਬਿਜਲੀ ਬੋਰਡ ਨਾਲ ਉਠਾਉਣ ਲਈ ਕਿਹਾ ਤਾਂ ਕਮਿਸ਼ਨਰ ਜੀ ਨੇ ਇਸ ਸਬੰਧੀ ਬਿਜਲੀ ਬੋਰਡ ਨੂੰ ਪੱਤਰ ਲਿਖਣ ਦਾ ਆਸ਼ਵਾਸਨ ਦਿੱਤਾ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਦ ਵੀ ਸਟਰੀਟ ਲਾਈਟ ਬੰਦ ਹੋਣ ਸਬੰਧੀ 2242411 ਟੈਲੀਫੋਨ ਤੇ ਸ਼ਿਕਾਇਤ ਦਰਜ ਕਰਵਾਈ ਜਾਂਦੀ ਹੈ ਤਾਂ 24 ਘੰਟੇ ਬਾਅਦ ਠੀਕ ਨਾ ਹੋਣ ਤੇ 50/- ਪ੍ਰਤੀ ਦਿਨ ਅਤੇ 72 ਘੰਟੇ ਬਾਅਦ 200/- ਪ੍ਰਤੀ ਦਿਨ ਜੁਰਮਾਨਾ ਲਗਣਾ ਚਾਹੀਦਾ ਹੈ ਪਰ ਠੇਕੇਦਾਰਾਂ ਅਤੇ ਅਧਿਕਾਰੀਆਂ ਦੀ ਮਿਲੀਭਗਤ ਕਰਕੇ ਇਹ ਜੁਰਮਾਨੇ ਨਹੀਂ ਲਗਾਏ ਜਾ ਰਹੇ । ਇਸ ਲਈ ਠੇਕੇਦਾਰਾਂ ਨੂੰ ਅਦਾਇਗੀ ਤੋਂ ਪਹਿਲਾਂ ਸਬੰਧਤ ਕੌਂਸਲਰਾਂ ਤੋਂ ਮਹੀਨਾਵਾਈਜ਼ ਸਰਟੀਫਿਕੇਟ ਲਏ ਜਾਣ।

ਇਸ ਤੇ ਮੇਅਰ ਜੀ ਨੇ ਸਮੂਹ ਹਾਉਸ ਨੂੰ ਕਿਹਾ ਕਿ ਤੁਸੀਂ ਆਪਣੀ ਸ਼ਿਕਾਇਤ ਲਿਖ ਕੇ ਸਬੰਧਤ ਕਾਰਜਕਾਰੀ ਇੰਜੀਨਿਅਰ ਦੇ ਦਫ਼ਤਰ ਜਮ੍ਹਾਂ ਕਰਵਾ ਦਿਓ ਅਤੇ 7 ਦਿਨਾਂ ਬਾਅਦ ਵੀ ਜੇਕਰ ਉਹ ਠੀਕ ਨਹੀਂ ਹੁੰਦੀ ਤਾਂ ਦੋਬਾਰਾ ਲਿਖ ਕੇ ਰਸੀਟ ਕਰਵਾਕੇ ਉਸਦੀ ਕਾਪੀ ਮੇਅਰ ਦਫ਼ਤਰ ਦੇ ਦਿਓ । ਫਿਰ ਮੈਂ ਖੁਦ ਵੇਖਾਂਗਾ । ਉਹਨਾਂ ਸਮੂਹ ਹਾਊਸ ਦੀ ਰਾਏ ਤੇ ਸਬੰਧਤ ਠੇਕੇਦਾਰਾਂ ਨੂੰ ਅਦਾਇਗੀ ਕਰਨ ਤੋਂ ਪਹਿਲਾਂ ਸਬੰਧਤ ਕੌਂਸਲਰਾਂ ਪਾਸੋਂ ਹਰ ਮਹੀਨੇ ਸਰਟੀਫਿਕੇਟ ਲੈਣ ਸਬੰਧੀ ਪ੍ਰਵਾਨਗੀ ਦਿੱਤੀ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਐਲ.ਈ.ਡੀ.ਲਾਈਟਾਂ ਲਗਾਉਣ ਵਿੱਚ ਭੇਦਭਾਵ ਹੋ ਰਿਹਾ ਹੈ ।

ਮੇਅਰ ਜੀ ਨੇ ਦੱਸਿਆ ਕਿ ਇਸ ਵਿੱਚ ਮੇਰੀ ਕੋਈ ਡਿਸਕਰੀਸ਼ਨ ਨਹੀਂ ਹੈ । ਮੇਰੀ ਡਿਸਕਰੀਸ਼ਨ ਸਿਰਫ ਇਹੋ ਹੈ ਕਿ ਮੇਰੇ ਵਾਰਡ ਅਤੇ ਮੇਰੀ ਪਤਨੀ ਦੇ ਵਾਰਡ ਵਿੱਚ ਸਭ ਤੋਂ ਅਖੀਰ ਵਿੱਚ ਐਲ.ਈ.ਡੀ. ਲਾਈਟਾਂ ਲਗਾਈਆਂ ਜਾਣਗੀਆਂ ।

ਕਮਿਸ਼ਨਰ ਜੀ ਨੇ ਦੱਸਿਆ ਕਿ ਉਹ ਪਲੈਨਿੰਗ ਕਰ ਰਹੇ ਹਨ ਕਿ ਵਾਰਡਵਾਈਜ਼ ਐਲ.ਈ.ਡੀ. ਲਾਈਟਾਂ ਲਗਾਈਆਂ ਜਾਣਗੀਆਂ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕੰਪਨੀ ਵਲੋਂ ਹੁਣ ਤੱਕ ਸਿਰਫ 6000 ਦੇ ਲਗਭਗ ਹੀ ਲਾਈਟਾਂ ਬਦਲੀਆਂ ਗਈਆਂ ਹਨ ਅਤੇ 65000 ਬਦਲਣੀਆਂ ਹਨ । ਤੁਸੀਂ ਸਿਰਫ ਨਾਰਥ ਅਤੇ ਸੈਂਟਰਲ ਦੇ ਵਾਰਡਾਂ ਦੀ ਹੀ ਗਿਣਤੀ ਦੇਖ ਰਹੇ ਹੋ ।

ਇਸ ਤੇ ਮੇਅਰ ਜੀ ਨੇ ਦੱਸਿਆ ਕਿ ਜਿਹੜੇ 17 ਵਾਰਡ ਨਗਰ ਨਿਗਮ ਖੁਦ ਵੇਖ ਰਹੀ ਸੀ ਅਤੇ ਸਮਾਨ ਖ਼ਰੀਦਣ ਜਾ ਰਹੀ ਸੀ, ਉਹ ਰੋਕ ਕੇ ਹੀ ਇਹ ਕੰਮ ਕਰਵਾਇਆ ਜਾ ਰਿਹਾ ਹੈ ਤਾਂ ਜ਼ੋ ਨਗਰ ਨਿਗਮ ਦੇ ਫੰਡਾਂ ਦਾ ਦੁਰਪਯੋਗ ਨਾ ਹੋਵੇ ।ਉਹ ਜਲਦੀ ਹੀ ਸਾਰੇ ਸ਼ਹਿਰ ਦਾ ਚਾਰਟ ਬਨਾ ਕੇ ਇੱਕ ਹਫ਼ਤੇ ਵਿੱਚ ਦੇ ਦੇਣਗੇ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਵਲੋਂ ਆਪਣੇ ਵਾਰਡ ਦੇ ਸਟਰੀਟ ਲਾਈਟ ਦੇ ਇੰਨਫਰਾਸਟਕਚਰ ਦੇ ਤਖ਼ਮੀਨੇ ਤਿਆਰ ਕਰਵਾਏ ਗਏ ਸਨ ਜਿਹੜੇ ਕਿ ਅੱਜ ਦੀ ਮੀਟਿੰਗ ਦੇ ਅਜੰਡੇ ਵਿੱਚ ਸ਼ਾਮਲ ਨਹੀਂ ਕੀਤੇ ਗਏ। ਇਸ ਤੇ ਮੇਅਰ ਜੀ ਨੇ ਕਿਹਾ ਕਿ ਜਲਦ ਹੀ ਅਗਲੀ ਮੀਟਿੰਗ 15 ਦਿਨਾਂ ਦੇ ਅੰਦਰ ਅੰਦਰ ਕੀਤੀ ਜਾਵੇਗੀ ਜਿਸ ਵਿੱਚ ਉਹਨਾਂ ਨੂੰ ਸ਼ਾਮਲ ਕਰ ਲਿਆ ਜਾਵੇਗਾ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਸ਼ਹਿਰ ਅੰਦਰੋਂ ਡੈਅਰੀਆਂ ਬਾਹਰ ਕੱਢ ਕੇ ਅਸੀਂ ਸ਼ਹਿਰਵਾਸੀਆਂ ਨੂੰ ਰਲੀਫ ਦਿੱਤੀ ਸੀ ਪਰ ਹੁਣ 12 ਪਿੰਡ ਨਗਰ ਨਿਗਮ ਹਦੂਦ ਅੰਦਰ ਸ਼ਾਮਲ ਹੋ ਗਏ ਹਨ ਅਤੇ ਸਾਨੂੰ ਫਿਰ ਡੈਅਰੀਆਂ ਨਿਗਮ ਹਦੂਦ ਤੋਂ ਬਾਹਰ ਕੱਢਣੀਆਂ ਪੈਣਗੀਆਂ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਸੋਡੀਅਮ ਲੈਂਪਾਂ ਨੂੰ ਐਲ.ਈ.ਡੀ.ਲਾਈਟਾਂ ਨਾਲ ਰਿਪਲੇਸ ਕਰਨ ਦਾ ਕੰਟਰੈਕਟ ਹੈ ਪਰ ਬਰੈਕਟ ਅਤੇ ਤਾਰ ਦਾ ਖ਼ਰਚਾ ਉਹ ਚਾਰਜ ਕਰ ਰਹੇ ਹਨ । ਕਿਸ ਜਗ੍ਹਾ ਤੇ ਬਰੈਕਟ ਅਤੇ ਤਾਰਾਂ ਬਦਲੀਆਂ ਜਾ ਰਹੀਆਂ ਹਨ, ਕੁਝ ਨਹੀਂ ਪਤਾ , ਇਹ ਇੱਕ ਸਕੈਮ ਹੈ ।ਇਸ ਤੇ ਐਸ.ਈ. (ਲਾਈਟ) ਵਲੋਂ ਦੱਸਿਆ ਗਿਆ ਕਿ ਇਸ ਸਬੰਧੀ ਫੀਲਡ ਸਰਵੇ ਕੀਤਾ ਹੋਇਆ ਹੈ ।

ਇਸ ਤੇ ਮੇਅਰ ਜੀ ਨੇ ਕਿਹਾ ਕਿ ਅਸੀਂ ਚੈਕ ਕਰਕੇ ਸਪੈਸ਼ਲ ਮੀਟਿੰਗ ਕਰ ਲਵਾਂਗੇ ।

ਸ੍ਰੀ ਰੋਹਣ ਸਹਿਗਲ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਇੱਕ ਸੜਕ ਜਿਹੜੀ ਕਿ ਸਾਲ 1991 ਵਿੱਚ ਮਤਾ ਪਾਸ ਕਰਕੇ ਉਸਦਾ ਨਾਂ ਸ੍ਰੀ ਦੇਵਦੱਤ ਖੁੱਲਰ ਰੱਖਿਆ ਗਿਆ ਸੀ ਅਤੇ ਪਿਛਲੇ ਦਿਨੀਂ ਉਸ ਸੜਕ ਦੀ ਉਸਾਰੀ ਸਬੰਧੀ ਜਿਹੜਾ ਬੋਰਡ ਲਗਾਇਆ ਗਿਆ ਹੈ, ਉਸ ਤੇ ਇਸ ਸੜਕ ਦਾ ਨਾਮ ਰੇਨਬੋ ਰੋਡ ਦਰਸਾਇਆ ਗਿਆ ਹੈ, ਜਿਹੜਾ ਕਿ ਸ਼ਹੀਦਾਂ ਦਾ ਅਪਮਾਨ ਹੈ । ਬੀ.ਐਂਡ ਆਰ. ਵਿਭਾਗ ਨੂੰ ਇਸ ਗੱਲ ਲਈ ਮੁਆਫੀ ਮੰਗਣੀ ਚਾਹੀਦੀ ਹੈ । ਇਸੇ ਦੋਰਾਣ ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਵਲੋਂ ਵਿੱਚ ਬੋਲਦੇ ਕਿਹਾ ਕਿ ਇਸ ਸੜਕ ਨੂੰ ਰੇਨਬੋ ਰੋਡ ਵੀ ਕਿਹਾ ਜਾਂਦਾ ਹੈ ਅਤੇ ਇਸੇ ਦੌਰਾਣ ਦੋਵੇਂ ਕੌਂਸਲਰ ਆਪਸ ਵਿੱਚ ਬਹਿਸਣ ਲੱਗ ਪਏ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਸ਼ਾਸਤਰੀ ਨਗਰ ਦੇ ਟਿਊਬਵੈਲ ਦਾ ਟੈਂਡਰ ਨਹੀਂ ਲੱਗਾ । 120 ਫੁੱਟੀ ਰੋਡ ਤੇ ਪਲਾਂਟ ਲਗਾਉਣ ਦੀ ਉਹਨਾਂ ਮੰਗ ਕੀਤੀ ਸੀ ਜਿਹੜੀ ਕਿ ਪੂਰੀ ਨਹੀਂ ਕੀਤੀ ਗਈ । ਦੁਸ਼ਹਿਰਾ ਗਰਾਂਉਂਡ ਦੀ ਸੜਕ ਦੀ ਬਣਤਰ ਦਾ ਕੰਮ 8 ਮਹੀਨੇ ਪਹਿਲਾਂ ਪਾਸ ਹੋਇਆ ਸੀ ਅਤੇ ਸ੍ਰੀ ਪਰਮਿੰਦਰ ਸਿੰਘ, ਠੇਕੇਦਾਰ ਵਲੋਂ ਕੰਮ ਸ਼ੁਰੂ ਨਹੀਂ ਕੀਤਾ ਜਾ ਰਿਹਾ । ਉਹਨਾਂ ਡੰਪ ਹਟਾਉਣ ਦੀ ਵੀ ਮੰਗ ਕੀਤੀ ਸੀ ਪਰ ਕੁਝ ਨਹੀਂ ਹੋਇਆ ।

ਇਸ ਤੇ ਏ.ਐਚ.ਓ. ਵਲੋਂ ਦੱਸਿਆ ਗਿਆ ਕਿ 120 ਫੁੱਟੀ ਸੜਕ ਤੇ ਨਵੀਂ ਜਗ੍ਹਾ ਸਬੰਧੀ ਪਟਵਾਰੀ ਕੋਲੋਂ ਰਿਪੋਰਟ ਮੰਗੀ ਗਈ ਹੈ ।

ਸ੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਿਹੜੇ ਓ ਐਂਡ ਐਮ ਦੇ 3.50 ਲੱਖ ਰੁਪਏ ਦਾ ਮੈਨਟੀਨੈਂਸ ਦਾ ਕੰਮ ਜਿਸ ਠੇਕੇਦਾਰ ਪਾਸ ਹੈ, ਉਸ ਕੋਲ ਲੇਬਰ ਹੀ ਨਹੀਂ ਹੈ । ਸਹੀ ਠੇਕੇਦਾਰ ਨੂੰ ਕੰਮ ਅਲਾਟ ਕੀਤਾ ਜਾਇਆ ਕਰੇ ਅਤੇ ਇਸ ਠੇਕੇਦਾਰ ਦੀ ਅਦਾਇਗੀ ਨਾ ਕੀਤੀ ਜਾਵੇ । ਜਿਸ ਤੇ ਕਾਰਜਕਾਰੀ ਇੰਜੀਨਿਅਰ ਸ੍ਰੀ ਨਿਰਮਲ ਸਿੰਘ ਨੇ ਦੱਸਿਆ ਕਿ ਇਹ ਕੰਮ ਆਦਿ ਕੋ.ਅਪ. ਸੋਸਾਇਟੀ ਪਾਸ ਹੈ ਅਤੇ ਉਸਦਾ ਕੋਈ ਬਿਲ ਨਹੀਂ ਬਣਾਇਆ ਗਿਆ ਹੈ ।

ਇਸ ਤੇ ਮੇਅਰ ਜੀ ਨੇ ਹਦਾਇਤ ਕੀਤੀ ਕਿ ਇੱਕ ਸਾਲ ਦਾ ਟਾਈਮ ਠੇਕੇਦਾਰ ਨੂੰ ਦਿੱਤਾ ਗਿਆ ਸੀ ਅਤੇ ਉਸ ਵਲੋਂ ਕੋਈ ਕੰਮ ਨਹੀਂ ਕੀਤਾ ਗਿਆ, ਇਸ ਲਈ ਉਸਨੂੰ ਬਲੈਕ ਲਿਸਟ ਕੀਤਾ ਜਾਵੇ । ਹਰੇਕ ਕੌਂਸਲਰ ਦੀ ਤਸੱਲੀ ਹੋਣੀ ਚਾਹੀਦੀ ਹੈ ।

ਸ੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕੇ.ਜੀ.ਐਸ. ਪੈਲੇਸ ਨੇੜੇ ਡੰਪ ਨੂੰ ਹਟਾਇਆ ਜਾਵੇ । ਜਿਸ ਤੇ ਏ.ਐਚ.ਓ. ਵਲੋਂ ਦੱਸਿਆ ਗਿਆ ਕਿ 120 ਫੁੱਟੀ ਸੜਕ ਤੇ ਨਵੀਂ ਜਗ੍ਹਾ ਸਬੰਧੀ ਪਟਵਾਰੀ ਦੀ ਰਿਪੋਰਟ ਲੈ ਕੇ ਹਾਊਸ ਕੋਲੋਂ ਪਾਸ ਕਰਵਾਕੇ ਦੋ ਮਹੀਨੇ ਅੰਦਰ ਅੰਦਰ ਇਹ ਡੰਪ ਸ਼ਿਫਟ ਕਰ ਦਿੱਤਾ ਜਾਵੇਗਾ ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਸਾਈਂ ਦਾਸ ਸਕੂਲ ਦੀ ਗਰਾਉਂਡ ਨਾਲ ਇੱਕ ਵੱਡਾ ਡੰਪ ਹੈ ਜਿਥੇ ਕਿ ਧਾਰਮਿਕ ਸਮਾਗਮ ਵੀ ਹੁੰਦੇ ਹਨ, ਨੂੰ ਹਟਾਇਆ ਜਾਵੇ ।

ਮੇਅਰ ਜੀ ਨੇ ਜਵਾਬ ਦਿੰਦਿਆਂ ਕਿਹਾ ਕਿ ਇਸ ਡੰਪ ਤੇ ਆਲ੍ਹੇ ਦੁਆਲ੍ਹੇ ਦੇ ਜਿਨਾਂ ਵਾਰਡਾਂ ਦਾ ਕੂੜਾ ਸੁੱਟਿਆ ਜਾਂਦਾ ਹੈ, ਉਹਨਾਂ ਵਾਰਡਾਂ ਦੇ ਕੌਂਸਲਰ ਨਾਲ ਮੀਟਿੰਗ ਕਰਕੇ ਇਸ ਦਾ ਹਲ ਕੱਢ ਲਿਆ ਜਾਵੇਗਾ ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਸਬਜੀ ਮੰਡੀ ਤੋਂ ਵਰਕਸ਼ਾਪ ਚੋਂਕ ਤੱਕ ਸੀਵਰ ਮਸ਼ੀਨਾਂ ਕਈ ਮਹੀਨਿਆਂ ਤੋਂ ਖੜੀਆਂ ਹਨ ਨੂੰ ਚੁਕਵਾਇਆ ਜਾਵੇ ।

ਇਸੇ ਦੌਰਾਨ ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ, ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਕੌਂਸਲਰਾਂ ਕੋਲੋਂ ਪਹਿਲਾਂ ਲਿਖ਼ਤ ਸ਼ਿਕਾਇਤਾਂ ਲੈ ਲਈਆਂ ਜਾਇਆ ਕਰਨ ਤਾਂ ਜ਼ੋ ਹਾਊਸ ਵਿੱਚ ਸਮੇਂ ਦੀ ਬਰਬਾਦੀ ਨਾ ਹੋਵੇ ਅਤੇ ਕੋਈ ਕ੍ਰਿਏਟਿਵ ਗੱਲ ਹੋ ਸਕੇ ।

ਸ੍ਰੀ ਜੇ.ਪੀ.ਸ਼ਮਸ਼ੇਰ ਖਹਿਰਾ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚੋਂ 9-10 ਦਿਨਾਂ ਤੋਂ ਕੂੜਾ ਲਿਫਟ ਨਹੀਂ ਹੋ ਰਿਹਾ ਹੈ । ਕੋਈ ਸਵੀਪਰ ਨਹੀਂ ਹੈ । ਲੱਧੇਵਾਲੀ ਅਤੇ ਨੰਗਲਸ਼ਾਮਾ ਦੇ ਟਿਊਬਵੈਲ ਦੇ ਤਖ਼ਮੀਨੇ ਅਜੰਡੇ ਵਿੱਚ ਸ਼ਾਮਲ ਨਹੀਂ ਕੀਤੇ ਗਏ ।ਉਹਨਾਂ ਐਲ.ਈ.ਡੀ. ਲਾਈਟਾਂ ਸਬੰਧੀ ਵੀ ਜਾਣਕਾਰੀ ਮੰਗੀ ।

ਮੇਅਰ ਜੀ ਨੇ ਦੱਸਿਆ ਕਿ 15 ਦਿਨਾਂ ਬਾਅਦ ਦੁਬਾਰਾ ਮੀਟਿੰਗ ਕਰਨ ਜਾ ਰਹੇ ਹਾਂ ਜਿਸ ਵਿੱਚ ਇਹਨਾਂ ਤਖ਼ਮੀਨਿਆਂ ਨੂੰ ਸ਼ਾਮਲ ਕਰ ਲਿਆ ਜਾਵੇਗਾ ।ਐਲ.ਈ.ਡੀ.ਲਾਈਟਾਂ ਸਬੰਧੀ ਸਪੈਸ਼ਲ ਮੀਟਿੰਗ ਕੀਤੀ ਜਾਵੇਗੀ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਜਨਮ ਅਤੇ ਮੋਤ ਸਬੰਧੀ ਜਿਹੜੇ ਕਰਮਚਾਰੀ ਵਿਭਾਗ ਵਿੱਚ ਹਨ ਸਭ ਪਾਸ ਕੰਪਿਊਟਰ ਅਤੇ ਪ੍ਰਿੰਟਰ ਹੈ ਪ੍ਰੰਤੂ ਮਾਡਲ ਟਾਊਨ ਏਰੀਏ ਦੇ ਅਧਿਕਾਰੀ ਸ੍ਰੀ ਕਮਲਰੂਪ ਪਾਸ ਕੋਈ ਕੰਪਿਊਟਰ ਅਤੇ ਪ੍ਰਿੰਟਰ ਨਹੀਂ ਹੈ ਜਿਸ ਕਰਕੇ ਉਸ ਨੂੰ ਸਾਰਾ ਕੰਮ ਹੱਥੀ ਲਿਖਣਾ ਪੈਂਦਾ ਹੈ ਅਤੇ ਜਿਸ ਨਾਲ ਬਹੁਤ ਦਿਨ ਲੱਗ ਜਾਂਦੇ ਹਨ ।ਇਸ ਸਬੰਧੀ ਮੇਅਰ ਜੀ ਨੇ ਡਾ:ਮਧੂ ਭਾਰਦਵਾਜ, ਏ.ਐਚ.ਓ. ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਅਰਬਨ ਅਸਟੇਟ ਫੇਸ-1 ਦੇ ਪੈਟਰੋਲ ਪੰਪ ਦੇ ਬਾਹਰ ਬਜਰੀ, ਰੇਤਾ ਆਦਿ ਵਾਲਿਆਂ ਨੇ ਸਾਰੀ ਸੜਕ ਤੇ ਕਬਜਾ ਕੀਤਾ ਹੋਇਆ ਹੈ, ਨੂੰ ਹਟਾਇਆ ਜਾਵੇ । ਜਿਸ ਤੇ ਮੇਅਰ ਜੀ ਨੇ ਸਬੰਧਤ ਮਹਿਕਮੇਂ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਵਲੋਂ ਦੀਵਾਨ ਨਗਰ ਵਿਖੇ ਕਬਾੜੀਆਂ ਦਾ ਮੁੱਦਾ ਉਠਾਇਆ ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਸਰਵੇ ਕੀਤਾ ਜਾਵੇਗਾ ਅਤੇ ਉਹ ਖੁਦ ਮੇਅਰ ਜੀ ਨਾਲ ਜਾ ਕੇ ਮੌਕਾ ਵੇਖਣਗੇ ।

ਸ੍ਰੀਮਤੀ ਬਿਮਲਾ ਰਾਣੀ, ਕੌਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਸੀਵਰੇਜ਼ ਦੇ ਢੱਕਨ ਨਹੀਂ ਹਨ, ਦਿੱਤੇ ਜਾਣ ।

ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਦੀਆਂ ਸਟਰੀਟ ਲਾਈਟਾਂ ਦੀ ਮੇਨਟੀਨੈਂਸ ਦਾ ਠੇਕਾ ਸੰਜੀਵ ਠੇਕੇਦਾਰ ਪਾਸ ਹੈ । 300 ਪੁਆਇੰਟ ਬੰਦ ਸੀ ਅਤੇ ਹਾਲ੍ਹੇ ਵੀ 100 ਤੋਂ ਵੱਧ ਬੰਦ ਪਏ ਹੋਏ ਹਨ । ਠੇਕੇਦਾਰ ਕੰਮ ਨਹੀਂ ਕਰ ਰਿਹਾ ਹੈ ।

ਮੇਅਰ ਜੀ ਨੇ ਕਿਹਾ ਕਿ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਤੁਸੀਂ ਸ਼ਿਕਾਇਤ ਲਿਖ ਕੇ ਸਬੰਧਤ ਕਾਰਜਕਾਰੀ ਇੰਜੀਨਿਅਰ ਪਾਸ ਰਸੀਟ ਕਰਵਾਓ ਅਤੇ 7 ਦਿਨਾਂ ਬਾਅਦ ਵੀ ਜੇਕਰ ਠੀਕ ਨਹੀਂ ਹੁੰਦੀ ਤਾਂ ਦੋਬਾਰਾ ਰਸੀਟ ਕਰਵਾਕੇ ਉਸਦੀ ਕਾਪੀ ਮੇਅਰ ਦਫ਼ਤਰ ਦੇਵੋ ਮੈਂ ਫਿਰ ਆਪ ਵੇਖਾਂਗਾ ।

ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ ਵਲੋਂ ਕਿਹਾ ਗਿਆ ਕਿ ਸੀਵਰ ਅਤੇ ਰੋਡ ਗਲੀਆਂ ਦੇ ਢੱਕਣ ਆਏ ਦਿਨ ਟੁੱਟ ਜਾਂਦੇ ਹਨ ਅਤੇ ਕਈ ਕਈ ਦਿਨ ਬਦਲੇ ਨਹੀਂ ਜਾਂਦੇ । ਅਜਿਹੇ ਢੱਕਣ ਕੌਂਸਲਰ ਕੋਲ ਰੱਖਣ ਦੀ ਪਰੋਵਿਜ਼ਨ ਕੀਤੀ ਜਾਵੇ ਜਿਸ ਤੇ ਜ਼ਿਆਦਾਤਰ ਕੌਂਸਲਰਾਂ ਵਲੋਂ ਹਾਮੀ ਭਰੀ ਗਈ ।

ਇਸ ਤੇ ਐਸ.ਈ. (ਓ ਐਂਡ ਐ) ਨੇ ਦੱਸਿਆ ਕਿ ਨਵੇਂ ਟੈਂਡਰ ਲਗਾਏ ਜਾ ਰਹੇ ਹਨ ਅਤੇ ਟੈਂਡਰ ਆਉਣ ਉਪਰੰਤ ਅਜਿਹੇ ਢੱਕਨ ਕੌਂਸਲਰਾਂ ਨੂੰ ਦੇ ਦਿੱਤੇ ਜਾਣਗੇ ।ਇਸ ਤੇ ਜ਼ਿਆਦਾਤਰ ਕੌਂਸਲਰ ਵਲੋਂ ਪੁੱਛਿਆ ਗਿਆ ਕਿ ਜਿਹੜੇ 3.50-3.50 ਲੱਖ

ਰੁਪਏ ਦੇ ਮੇਨਟੀਨੈਂਸ ਦੇ ਕੰਮ ਹੋਏ ਹਨ, ਦਾ ਹਿਸਾਬ ਦਿੱਤਾ ਜਾਵੇ । ਜਿਸ ਤੇ ਐਸ.ਈ. ਵਲੋਂ ਦੱਸਿਆ ਗਿਆ ਕਿ ਨਵੇਂ ਟੈਂਡਰ ਲੱਗ ਰਹੇ ਹਨ ਅਤੇ ਹਰੇਕ ਵਾਰਡ ਦਾ ਰਜਿਸਟਰ ਲੱਗੇਗਾ ਅਤੇ ਕੋਂਸਲਰ ਦੇ ਸਰਟੀਫਿਕੇਟ ਤੋਂ ਬਿਨਾਂ ਕਿਸੇ ਵੀ ਠੇਕੇਦਾਰ ਦਾ ਬਿਲ ਨਹੀਂ ਬਣੇਗਾ ।

ਸ੍ਰੀ ਰਾਜਵਿੰਦਰ ਸਿੰਘ ਰਾਜਾ, ਕੋਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਦੇ ਇਲਾਕੇ ਵਿੱਚ ਇੱਕ ਪਾਰਕ ਦੀ ਪਲਸਤਰ ਅਤੇ ਉਸ ਵਿੱਚ ਪਾਈ ਗਈ ਮਿੱਟੀ ਸਬੰਧੀ ਉਹਨਾਂ ਨੂੰ ਹਿਸਾਬ ਦਿੱਤਾ ਜਾਵੇ ।ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਸਬੰਧਤ ਕਾਰਜਕਾਰੀ ਇੰਜੀਨਿਅਰ ਨੂੰ ਮਿਲਣ ਦੀ ਹਦਾਇਤ ਕੀਤੀ ।

ਸ੍ਰੀਮਤੀ ਹਰਸ਼ਰਨ ਕੌਰ ਹੈਪੀ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਲਤੀਫਪੁਰਾ ਸੜਕ ਦੀ ਬਹੁਤ ਮਾੜੀ ਹਾਲ੍ਤ ਹੈ, ਨੂੰ ਜਲਦ ਬਣਵਾਇਆ ਜਾਵੇ । ਜਿਸ ਤੇ ਸਬੰਧਤ ਸ੍ਰੀ ਰਾਮ ਪਾਲ, ਐਸ.ਡੀ.ਓ. ਵਲੋਂ ਦੱਸਿਆ ਗਿਆ ਕਿ ਇਸ ਸੜਕ ਤੇ ਸੀਵਰ ਦੀ ਲਾਈਨ ਬਿਛਾਈ ਗਈ ਹੈ ਅਤੇ ਇਸ ਨੂੰ ਸੈਟਲਮੈਂਟ ਹੋਣ ਲਈ ਛੱਡਿਆ ਗਿਆ ਹੈ । ਇਸ ਕੰਮ ਦੇ ਟੈਂਡਰ ਆਏ ਹੋਏ ਹਨ ।ਸੜਕ ਦੀ ਸੈਟਲਮੈਂਟ ਹੋਣ ਉਪਰੰਤ ਸੜਕ ਬਨਵਾ ਦਿੱਤੀ ਜਾਵੇਗੀ । ਜਿਸ ਤੇ ਮੇਅਰ ਜੀ ਨੇ ਐਸ.ਡੀ.ਓ. ਨੂੰ ਸੜਕ ਦੀ ਪਰਾਪਰ ਡਰੈਸਿੰਗ ਕਰਵਾਉਣ ਲਈ ਹਦਾਇਤ ਕੀਤੀ ।

ਸ੍ਰੀ ਪਰਭਦਿਆਲ ਭਗਤ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਸਫਾਈ ਦੀ ਕੋਈ ਸੱਮਸਿਆ ਨਹੀਂ ਸਿਰਫ ਸੀਵਰੇਜ਼ ਦੀ ਹੀ ਸੱਮਸਿਆ ਹੈ । ਛੋਟੀਆਂ-ਛੋਟੀਆਂ ਗਲੀਆਂ ਹਨ । 25 ਸਾਲਾਂ ਵਿੱਚ ਕੋਈ ਸਫਾਈ ਨਹੀਂ ਕੀਤੀ ਗਈ ਤੇ ਨਾ ਹੀ ਗਾਰ ਕੱਢੀ ਗਈ ।ਗੜਾ ਵਿਖੇ ਸਰਕਾਰੀ ਸਕੂਲ ਵਿੱਚ ਕਿੱਲਿਆਂ ਦੇ ਹਿਸਾਬ ਨਾਲ ਸਰਕਾਰੀ ਜ਼ਮੀਨ ਲੋਕਾਂ ਵਲੋਂ ਮੱਲੀ ਹੋਈ ਹੈ ਜਿਸ ਦੀ ਫਾਈਲ ਵੀ ਬਣੀ ਹੋਈ ਹੈ । ਇਸ ਜਗ੍ਹਾ ਤੇ ਕਮਰਸ਼ੀਅਲ ਦੁਕਾਨਾਂ ਬਣੀਆਂ ਹੋਈਆਂ ਹਨ । ਜਿਸ ਤੇ ਮੇਅਰ ਜੀ ਨੇ ਐਸ.ਟੀ.ਪੀ. ਨੂੰ 4-5 ਦਿਨਾਂ ਵਿੱਚ ਜਵਾਬ ਦੇਣ ਲਈ ਹਦਾਇਤ ਕੀਤੀ ।

ਸ੍ਰੀ ਪਰਭਦਿਆਲ ਭਗਤ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਬਿਲਡਿੰਗ ਇੰਸਪੈਕਟਰ ਸ੍ਰੀਮਤੀ ਸੁਸ਼ਮਾ ਦੁੱਗਲ ਵਲੋ ਉਹਨਾਂ ਦੇ ਖ਼ਿਲਾਫ ਜ਼ੋ ਝੂਠਾ ਇਲਜ਼ਾਮ ਲਗਾਇਆ ਗਿਆ ਸੀ ਅਤੇ ਉਹਨਾਂ ਨੇ ਇਸ ਦੀ ਸ਼ਿਕਾਇਤ ਵੀ ਕੀਤੀ ਸੀ ਜਿਸ ਬਾਰੇ ਦੱਸਿਆ ਜਾਵੇ । ਜਿਸ ਤੇ ਐਸ.ਟੀ.ਪੀ. ਨੇ ਦੱਸਿਆ ਕਿ ਸਬੰਧਤ ਕਰਮਚਾਰੀ ਦੇ ਖ਼ਿਲਾਫ ਅਨੁਸ਼ਾਸਨੀ ਕਾਰਵਾਈ ਲਈ ਸਰਕਾਰ ਨੂੰ ਲਿਖਿਆ ਗਿਆ ਸੀ ਅਤੇ ਸਰਕਾਰ ਵਲੋਂ ਮੁੜ੍ਹ ਇਸ ਕਰਮਚਾਰੀ ਦੇ ਖ਼ਿਲਾਫ ਚਾਰਜਸ਼ੀਟ ਬਨਾ ਕੇ ਭੇਜਣ ਲਈ ਲਿਖਿਆ ਗਿਆ ਹੈ ਜ਼ੋ ਕਿ ਜਲਦ ਭਿਜਵਾ ਦਿੱਤੀ ਜਾਵੇਗੀ ।

ਸ੍ਰੀ ਪਰਭਦਿਆਲ ਭਗਤ, ਕੋਂਸਲਰ ਵਲੋਂ ਇਹ ਵੀ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿਚ ਢੇਰਾਂ ਵਾਲੀ ਜਗ੍ਹਾ ਕਿਸ ਦੀ ਹੈ, ਦੱਸਿਆ ਜਾਵੇ । ਕਮਿਉਨਿਟੀ ਹਾਲ ਦੀ ਜਗ੍ਹਾ ਸੀ ਉਹ ਕਿਥੇ ਗਈ ।ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਕਲ੍ਹ ਆ ਕੇ ਮੈਨੂੰ ਮਿਲੋ ।

ਸ੍ਰੀ ਬਲਜੀਤ ਸਿੰਘ ਥਿੰਦ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਗੋਬਿੰਦਗੜ੍ਹ ਮੁੱਹਲੇ ਦੇ ਨਾਲ ਲੱਗਦੇ ਰੇਲਵੇ ਸੀਵਰੇਜ਼ ਦੀ ਸਫਾਈ ਕਰਵਾਈ ਜਾਵੇ । ਜਿਹੜਾ ਸੁਪਰਸਕਸ਼ਨ ਮਸ਼ੀਨਾਂ ਦਾ 33 ਲੱਖ ਰੁਪਏ ਦਾ ਕੰਮ ਗੋਬਿੰਦਗੜ੍ਹ ਮੁੱਹਲੇ ਤੋਂ ਲਾਡੋਵਾਲੀ ਰੋਡ ਤੱਕ ਦਾ ਸੀ, ਬਾਰੇ ਦੱਸਿਆ ਜਾਵੇ ਕਿ ਕਿੰਨਾ ਕੁ ਕੰਮ ਹੋ ਚੁੱਕਾ ਹੈ । ਇਸ ਤੋਂ ਇਲਾਵਾ ਮੰਡੀ ਫੈਂਟਨਗੰਜ ਸਕੂਲ ਦੀ ਦੀਵਾਰ ਦਾ ਨਾਲ ਨਾਲ ਜੀ.ਆਰ.ਪੀ. ਥਾਣੇ ਨੂੰ ਜਾਂਦੀ ਦੀਵਾਰ ਤੇ ਗਮਲੇ ਆਦਿ ਰਖਵਾਕੇ ਗਰੀਨ ਬੈਲਟ ਬਣਾਈ ਜਾਵੇ ।ਇਸ ਤੋਂ ਇਲਾਵਾ ਜਿਹੜਾ ਜਨਮ ਅਤੇ ਮੋਤ ਸਰਟੀਫਿਕੇਟਾਂ ਦਾ ਕੰਮ ਸੁਵਿਧਾ ਕੇਂਦਰਾਂ ਨੂੰ ਦਿੱਤਾ ਗਿਆ ਹੈ, ਦੋਬਾਰਾ ਨਗਰ ਨਿਗਮ ਦਫ਼ਤਰ ਦੇ ਪੱਧਰ ਤੇ ਕਰਵਾਉਣ ਲਈ ਉਹਨਾਂ ਮੰਗ ਕੀਤੀ ।

ਕਮਿਸ਼ਨਰ ਜੀ ਨੇ ਦੱਸਿਆ ਕਿ ਇਹ ਪਾਲਿਸੀ ਮੈਟਰ ਹੈ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਹੋ ਰਿਹਾ ਹੈ ।

ਸ੍ਰੀ ਬਲਜੀਤ ਸਿੰਘ ਥਿੰਦ, ਕੋਂਸਲਰ ਵਲੋਂ ਇਹ ਵੀ ਮੁੱਦਾ ਉਠਾਇਆ ਗਿਆ ਕਿ ਕਾਓ ਸੈਸ ਦਾ ਪੈਸਾ ਕਿਥੇ ਹੈ ਕਿਉਂ ਜ਼ੋ ਉਹਨਾਂ ਦੀ ਜਾਣਕਾਰੀ ਅਨੁਸਾਰ 6 ਹੈਡਾਂ ਵਿੱਚੋਂ ਸਿਰਫ ਇੱਕੋ ਹੈਡ ਬਿਜਲੀ ਵਿਭਾਗ ਤੋਂ ਹੀ ਕਾਓ ਸੈਸ ਆ ਰਿਹਾ ਹੈ।ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਅਗਲੀ ਮੀਟਿੰਗ ਵਿੱਚ ਜਵਾਬ ਦੇਣ ਲਈ ਹਦਾਇਤ ਕੀਤੀ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦਾ ਵਾਰਡ, ਸ੍ਰੀਮਤੀ ਨੀਰਜਾ ਜੈਨ ਅਤੇ ਸ੍ਰੀ ਪਰਭਦਿਆਲ ਭਗਤ, ਕੋਂਸਲਰ ਦਾ ਵਾਰਡ ਨਾਲ ਨਾਲ ਹੈ ਅਤੇ ਉਹ ਮੰਗ ਕਰਦੇ ਹਨ ਕਿ ਜਿਹੜੇ ਇਹਨਾਂ ਵਾਰਡਾਂ ਵਿੱਚ ਤਿੰਨ-ਤਿੰਨ ਸੀਵਰਮੈਨ ਹਨ, ਦੀ ਇੱਕ ਇੱਕਠੀ 9 ਸੀਵਰਮੈਨਾਂ ਦੀ ਟੀਮ ਬਨਾ ਦਿੱਤੀ ਜਾਵੇ ਤਾਂ ਜ਼ੋ ਸ਼ਿਕਾਇਤਾਂ ਦਾ ਸਮੇਂ ਸਿਰ ਹਲ ਹੋ ਸਕੇ ।ਉਹਨਾਂ ਇਹ ਵੀ ਕਿਹਾ ਕਿ ਸਟਰੀਟ ਲਾਈਟ ਦੀਆਂ ਸ਼ਿਕਾਇਤਾਂ 10 ਵਾਰ ਫੋਨ ਕਰਨ ਤੇ ਵੀ ਠੀਕ ਨਹੀਂ ਹੁੰਦੀਆਂ। ਉਹਨਾਂ ਇਹ ਵੀ ਦੱਸਿਆ ਕਿ ਗੜਾ ਵਿਖੇ ਨਗਰ ਨਿਗਮ ਦੀਆਂ ਦੁਕਾਨਾਂ ਹਨ ਜਿਨ੍ਹਾਂ ਨੂੰ ਅਸਲ ਲੀਜ਼ਹੋਲਡਰਾਂ ਵਲੋਂ ਅੱਗੇ ਸਬਲੈਟ ਕੀਤਾ ਹੋਇਆ ਹੈ ਅਤੇ ਵਾਧੂ ਕਿਰਾਇਆ ਵਸੂਲ ਰਹੇ ਹਨ ।ਇਸ ਤੇ ਮੇਅਰ ਜੀ ਨੇ ਸਬੰਧਤ ਵਿਭਾਗ ਤਹਿਬਜ਼ਾਰੀ ਸੁਪਰਡੰਟ ਨੂੰ ਹਦਾਇਤ ਕੀਤੀ ਕਿ ਇਸ ਬਾਰੇ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ ਕਿ ਨਗਰ ਨਿਗਮ ਦੀਆਂ ਕਿੰਨੀਆਂ ਪ੍ਰਾਪਰਟੀਆਂ ਹਨ, ਕਿੰਨਾ ਕਿੰਨਾ ਕਿਰਾਇਆ ਵਸੂਲਿਆ ਜਾ ਰਿਹਾ ਹੈ ਅਤੇ ਕਿੰਨਾ ਕਿੰਨਾ ਬਕਾਇਆਜਾਤ ਖੜਾ ਹੈ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੋਂਸਲਰ ਵਲੋਂ ਇਹ ਵੀ ਮੁੱਦਾ ਉਠਾਇਆ ਗਿਆ ਕਿ ਉਨਾਂ ਨੂੰ ਪਾਰਕਾਂ ਲਈ ਬੈਂਚ ਦਿੱਤੇ ਜਾਣ ਅਤੇ ਇਹ ਵੀ ਕਿਹਾ ਕਿ ਉਹਨਾਂ ਪਾਸ ਕੋਈ ਪੱਕਾ ਸਫਾਈ ਸੇਵਕ ਨਹੀਂ ਹੈ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀ ਮਨਮੋਹਣ ਸਿੰਘ ਰਾਜੂ, ਕੌਂਸਲਰ ਵਲੋਂ ਮੇਅਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਹੁਤ ਅੱਛਾ ਹਾਊਸ ਚਲਾ ਰਹੇ ਹੋ । ਹਰੇਕ ਕੌਂਸਲਰ ਨੂੰ ਵਾਰਡਵਾਈਜ਼ ਦੋ-ਦੋ ਮਿੰਟ ਬੋਲਣ ਦਾ ਮੌਕਾ ਦਿੱਤਾ ਜਾਵੇ । ਉਹਨਾਂ ਕਿਹਾ ਕਿ ਸੂਰਯਾ ਐਨਕਲੇਵ ਵਿਖੇ ਨਗਰ ਨਿਗਮ ਜਲੰਧਰ ਦੀ 55 ਏਕੜ ਜ਼ਮੀਨ ਨਗਰ ਸੁਧਾਰ ਟਰੱਸਟ ਵਲੋਂ ਐਕੁਆਇਰ ਕੀਤੀ ਗਈ ਸੀ । ਨਗਰ ਨਿਗਮ ਦੀ ਜ਼ਮੀਨ ਤੋਂ ਇਲਾਵਾ ਬਾਕੀ ਦੇ ਜ਼ਿਮੀਦਾਰ ਜਿੰਨਾ ਦੀ ਜਗ੍ਹਾ ਐਕੁਆਇਰ ਕੀਤੀ ਗਈ ਸੀ ਉਹਨਾਂ ਵਲੋਂ ਪਹਿਲਾਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਫਿਰ ਮਾਨਯੋਗ ਸੁਪਰੀਮ ਕੋਰਟ ਪਾਸ ਇਨਹਾਂਸਮੈਂਟ ਦੀ ਮੰਗ ਕੀਤੀ ਗਈ ਜਿਹੜੀ ਕਿ ਉਹਨਾਂ ਦੇ ਹੱਕ ਵਿੱਚ ਫੈਸਲਾ ਹੋਇਆ ਹੈ । ਇਸੇ ਤਰ੍ਹਾਂ ਨਗਰ ਨਿਗਮ ਜਲੰਧਰ ਨੂੰ ਵੀ ਆਪਣੀ ਐਕੁਆਇਰ ਕੀਤੀ 55 ਏਕੜ ਜ਼ਮੀਨ ਦੀ ਇਨਹਾਂਸਮੈਂਟ ਲਈ ਦਾਅਵਾ ਕਰਨਾ ਚਾਹੀਦਾ ਹੈ ਤਾਂ ਜ਼ੋ ਨਗਰ ਨਿਗਮ ਨੂੰ ਆਮਦਨ ਹੋ ਸਕੇ ।ਉਹਨਾਂ ਅੱਗੇ ਕਿਹਾ ਕਿ ਜਿਹੜੇ ਖ਼ਾਲੀ ਪਲਾਟ ਹੁੰਦੇ ਹਨ, ਉਥੇ ਚਾਰ ਦੀਵਾਰੀ ਨਾ ਹੋਣ ਕਰਕੇ ਕੂੜਾ ਆਦਿ ਸੁੱਟਿਆ ਜਾਂਦਾ ਹੈ ਜਿਸ ਕਰਕੇ ਬਿਮਾਰੀਆਂ ਫੈਲਣ ਦਾ ਖ਼ਦਸ਼ਾ ਰਹਿੰਦਾ ਹੈ । ਅਜਿਹੇ ਪਲਾਟ ਮਾਲਕਾਂ ਦੇ ਚਲਾਨ ਕੀਤੇ ਜਾਣ ।ਇਸ ਤੇ ਮੇਅਰ ਜੀ ਨੇ ਏ.ਐਚ.ਓ. ਨੂੰ ਹਦਾਇਤ ਕੀਤੀ ਕਿ ਸਬੰਧਤ ਪਲਾਟ ਮਾਲਕਾਂ ਨੂੰ ਪਹਿਲਾਂ ਵਾਰਨਿੰਗ ਦਿੱਤੀ ਜਾਵੇ ਅਤੇ ਦੁਬਾਰਾ ਉਹਨਾਂ ਦੇ ਚਲਾਨ ਕੀਤੇ ਜਾਣ । ਜ਼ਿਆਦਤਰ ਕੌਂਸਲਰਾਂ ਵਲੋਂ ਇਸ ਸਬੰਧੀ ਪਹਿਲਾਂ ਅਖ਼ਬਾਰਾਂ ਵਿੱਚ ਪਬਲਿਕ ਨੋਟਿਸ ਦੇਣ ਲਈ ਹਾਮੀ ਭਰੀ ਤਾਂ ਜ਼ੋ ਅਜਿਹੇ ਪਲਾਟ ਮਾਲਕ ਜਾਗਰੂਕ ਹੋ ਜਾਣ ।

ਸ੍ਰੀ ਮਨਮੋਹਣ ਸਿੰਘ ਰਾਜੂ, ਕੌਂਸਲਰ ਵਲੋਂ ਭਾਰਤ ਨਗਰ ਵਿਖੇ ਪਾਣੀ ਦੀ ਸਮੱਸਿਆ ਦਾ ਮੁੱਦਾ ਉਠਾਇਆ ਗਿਆ ਅਤੇ ਕਿਹਾ ਕਿ ਉਹਨਾਂ ਦੇ ਵਾਰਡ ਦਾ ਇੱਕ ਟਿਊਬਵੈਲ ਪਾਸ ਹੈ, ਉਸ ਨੂੰ ਇਸ ਥਾਂ ਤੇ ਸ਼ਿਫਟ ਕਰਕੇ ਲਗਵਾ ਦਿੱਤਾ ਜਾਵੇ।

ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ਵਲੋਂ ਦੱਸਿਆ ਗਿਆ ਕਿ ਪਿਛਲੇ ਸਾਲ ਦਸੰਬਰ 2017 ਵਿੱਚ ਨਗਰ ਨਿਗਮ ਦਫਤਰ ਦੀਆਂ ਪਾਣੀ ਦੀਆਂ ਟੈਂਕੀਆਂ ਵਿੱਚ ਬਿਲੀਆਂ ਮਰੀਆਂ ਪਾਈਆਂ ਗਈਆਂ ਸਨ । ਕੀ ਅਜਿਹੇ ਕੰਮ ਵੀ ਡਿਪਟੀ ਮੇਅਰ ਵਲੋਂ ਦੇਖੇ ਜਾਣੇ ਹਨ ਅਸੀਂ ਲੋਕਾਂ ਨੂੰ ਬਿਮਾਰ ਕਰਨਾ ਹੈ । ਉਹਨਾਂ ਇਹ ਵੀ ਕਿਹਾ ਕਿ ਦੁਸ਼ਿਹਰਾ ਗਰਾਊਂਡ ਦੇ ਡੰਪ ਵਿਖੇ ਆਲ੍ਹੇ-ਦੁਆਲ੍ਹੇ ਦੇ 6-7 ਵਾਰਡਾਂ ਦਾ ਕੂੜਾ ਸੁੱਟਿਆ ਜਾਂਦਾ ਹੈ, ਇਸ ਨੂੰ 120 ਫੁੱਟੀ ਰੋਡ ਤੇ ਜਿੱਥੇ ਜਗ੍ਹਾ ਪਈ ਹੈ ਵਿਖੇ ਸ਼ਿਫਟ ਕੀਤਾ ਜਾਵੇ ।ਉਹਨਾਂ ਅੱਗੇ ਕਿਹਾ ਕਿ ਨਗਰ ਨਿਗਮ ਵਿੱਚ ਇਸ ਵੇਲੇ ਫਾਇਨੈਂਨਸ਼ਲ ਕਰਾਇਸਸ ਹੈ ਅਤੇ ਸਾਡੇ ਚੁਣੇ ਹੋਏ ਕੌਂਸਲਰ ਸਾਥੀਆਂ ਵਿੱਚੋਂ ਕੋਈ ਐਡਵੋਕੇਟ, ਕੋਈ ਡਾਕਟਰ, ਕੋਈ ਇੰਡਸਟਰੀਅਲਿਸਟ ਹੈ, ਤੇ ਮੈਂ ਚਾਹਾਂਗਾ ਕਿ ਤੁਸੀਂ ਨਗਰ ਨਿਗਮ ਦੀ ਆਮਦਨ ਵਧਾਉਣ ਲਈ ਆਪਣੇ ਚੰਗੇ ਸੁਝਾਓ ਪੇਸ਼ ਕਰੋ ।ਉਹਨਾਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 2010 ਤੋਂ ਸ਼ਹਿਰ ਅੰਦਰ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਸਬੰਧੀ 1.63 ਕਰੋੜ ਰੁਪਏ ਦੀ ਗ੍ਰਾਂਟ ਆਈ ਹੋਈ ਜਿਹੜੀ ਕਿ ਵਿਆਜ ਸਮੇਤ ਹੁਣ 2.44 ਕਰੋੜ ਰੁਪਏ ਬਣਦੀ ਹੈ ।ਇਸ ਬਾਰੇ ਕਿਸੇ ਅਧਿਕਾਰੀ ਵਲੋਂ ਤੁਹਾਨੂੰ ਅੱਜ ਤੱਕ ਨਹੀਂ ਦੱਸਿਆ ਗਿਆ । ਉਹਨਾਂ ਕਿਹਾ ਕਿ ਸਾਰਾ ਭਾਰ ਮੇਅਰ ਸਾਹਿਬ ਤੇ ਹੈ ਅਤੇ ਮੈਂ ਮੰਗ ਕਰਦਾ ਹਾਂ ਕਿ ਅਸੀਂ ਕੋਂਸਲਰਾਂ ਤੇ ਵੀ ਕੋਈ ਜਿੰਮੇਵਾਰੀ ਪਾਈਏ ਅਤੇ ਨਗਰ ਨਿਗਮ ਦੇ ਵੱਖ ਵੱਖ ਵਿਭਾਗਾਂ ਦੇ ਕੰਮਕਾਜ ਦੇਖਣ ਲਈ ਕਮੇਟੀਆਂ ਦਾ ਜਲਦ ਤੋਂ ਜਲਦ ਗਠਨ ਕੀਤਾ ਜਾਵੇ ।

ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕਪੂਰਥਲਾ ਚੌਂਕ ਤੋਂ ਸਬਜੀ ਮੰਡੀ ਤੱਕ ਕੋਈ ਸਟਰੀਟ ਲਾਈਟ ਦਾ ਪੋਲ ਨਹੀਂ ਹੈ । ਦੇਵਰਾਜ ਸਕੂਲ ਸਾਹਮਣੇ ਡੰਪ ਜਿਥੇ ਟਾਇਲੈਟ ਬਲਾਕ ਬਣਿਆ ਹੋਇਆ ਹੈ, ਨੂੰ ਵੱਡਾ ਕੀਤਾ ਜਾਵੇ । ਸਰਸਵਤੀ ਵਿਹਾਰ ਵਿੱਚ ਕੋਈ ਪੱਕਾ ਸਫਾਈ ਸੇਵਕ ਨਹੀਂ ਹੈ । ਤਿੰਨ ਸੀਵਰਮੈਨ ਦਿੱਤੇ ਜਾਣ । ਸੰਗਤ ਸਿੰਘ ਨਗਰ ਵਿਖੇ ਨਗਰ ਨਿਗਮ ਦੀ ਜਗ੍ਹਾ ਪਈ ਹੈ, ਦਾ ਮੁਲ ਲਵਾ ਕੇ ਵੇਚੀ ਜਾਵੇ ਤਾਂ ਰੈਵੇਨਿਯੂ ਆ ਸਕਦਾ ਹੈ।ਕਪੂਰਥਲਾ ਚੌਂਕ ਤੋਂ ਸਬਜੀ ਮੰਡੀ ਵੱਲ ਜਾਂਦੇ ਇੱਕ ਤ੍ਰਿਕੋਣਾ ਪਾਰਕ ਹੈ ਅਤੇ ਜਿਸ ਤਰ੍ਹਾਂ ਫੁਟਬਾਲ ਚੌਂਕ ਵਿਖੇ ਸਬ-ਵੇ ਬਣਾਇਆ ਗਿਆ ਹੈ, ਉਸੇ ਤਰ੍ਹਾਂ ਇਸ ਤ੍ਰਿਕੋਣ ਪਾਰਕ ਨੂੰ ਢਾਹ ਕੇ ਸਬ-ਵੇ ਦੀ ਉਸਾਰੀ ਕਰਵਾਈ ਜਾਵੇ ਤਾਂ ਜ਼ੋ ਟਰੈਫਿਕ ਦੀ ਸੱਮਸਿਆ ਦਾ ਹਲ ਹੋ ਸਕੇ ।

ਸ੍ਰੀਮਤੀ ਸ਼ਵੇਤਾ ਧੀਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕਬੀਰ ਵਿਹਾਰ ਵਿਖੇ ਟੈਂਕੀ ਵਾਲੇ ਪਾਰਕ ਵਿੱਚ ਲੱਗੇ ਟਿਊਬਵੈਲ ਤੇ ਮੋਟਰ ਨਹੀ ਲੱਗੀ ਹੈ, ਲਗਾਈ ਜਾਵੇ । ਉਹਨਾਂ ਪੁੱਛਿਆ ਕਿ ਕੀ ਸੁਪਰ ਸਕਸ਼ਨ ਮਸ਼ੀਨਾਂ ਦਾ ਕੰਮ ਐਪਰੋਪਰਿਏਟ ਹੈ? ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਐਸ.ਈ. (ਓ ਐਂਡ ਐਮ) ਨੂੰ ਮਿਲਣ ਲਈ ਕਿਹਾ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਵਲੋਂ ਆਪਣੇ ਇਲਾਕੇ ਵਿੱਚ ਬਣ ਰਹੀਆਂ 3 ਨਜਾਇਜ ਬਿਲਡਿੰਗ ਸਬੰਧੀ ਐਮ.ਟੀ.ਪੀ. ਨੂੰ ਸ਼ਿਕਾਇਤ ਕੀਤੀ ਗਈ ਅਤੇ ਐਮ.ਟੀ.ਪੀ. ਨੇ ਏਰੀਆ ਇੰਸਪੈਕਟਰ ਸ੍ਰੀ ਨਿਰਮਲ ਵਰਮਾ ਨੂੰ ਭੇਜਿਆ । ਸ੍ਰੀ ਨਿਰਮਲ ਵਰਮਾ, ਬਿਲਡਿੰਗ ਇੰਸਪੈਕਟਰ ਵਲੋਂ ਉਹਨਾਂ ਬਿਲਡਿੰਗਾਂ ਦੇ ਮਾਲਕਾਂ ਨੂੰ ਕਿਹਾ ਗਿਆ ਕਿ ਸਾਨੂੰ ਤੁਹਾਡੀ ਬਿਲਡਿੰਗ ਸਬੰਧੀ ਕੋਈ ਸ਼ਿਕਾਇਤ ਨਹੀਂ ਬਲਕਿ ਤੁਹਾਡੇ ਕੌਂਸਲਰ ਨੂੰ ਹੈ । ਜਿਸ ਤੇ ਮੇਅਰ ਜੀ ਨੇ ਮੌਕੇ ਤੇ ਬਿਲਡਿੰਗ ਇੰਸਪੈਕਟਰ ਨੂੰ ਤਲਬ ਕੀਤਾ ਪਰ ਸਬੰਧਤ ਬਿਲਡਿੰਗ ਇੰਸਪੈਕਟਰ ਮੀਟਿੰਗ ਵਿੱਚ ਹਾਜ਼ਰ ਨਹੀਂ ਸੀ ਜਿਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਹਦਾਇਤ ਕੀਤੀ ਕਿ ਅੱਗੇ ਤੋਂ ਹਾਊਸ ਦੀ ਮੀਟਿੰਗ ਵਿੱਚ ਸਾਰੇ ਸਟਾਫ ਨੂੰ ਹਾਜ਼ਰ ਰਹਿਣ ਸਬੰਧੀ ਹੁਕਮ ਜਾਰੀ ਕੀਤੇ ਜਾਣ ਅਤੇ ਜੇਕਰ ਕੋਈ ਸਟਾਫ ਮੈਂਬਰ ਮੀਟਿੰਗ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਹ ਸਖ਼ਤ ਕਾਰਵਾਈ ਕਰਨਗੇ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਵਲੋਂ ਇਹ ਵੀ ਕਿਹਾ ਗਿਆ ਕਿ ਸ੍ਰੀ ਨਿਰਮਲ ਵਰਮਾ, ਬਿਲਡਿੰਗ ਇੰਸਪੈਕਟਰ ਮਾਡਲ ਹਾਊਸ ਵਿਖੇ ਇੱਕ ਬਿਲਡਿੰਗ ਤੋਂ 50,000/- ਰੁਪਏ ਲੈ ਕੇ ਬਿਲਡਿੰਗ ਬਣਵਾ ਰਿਹਾ ਹੈ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇ ।

ਮੇਅਰ ਜੀ ਵਲੋਂ ਸਮੂਹ ਹਾਊਸ ਦੀ ਰਾਏ ਤੇ ਸ੍ਰੀ ਨਿਰਮਲ ਵਰਮਾ, ਬਿਲਡਿੰਗ ਇੰਸਪੈਕਟਰ ਨੂੰ ਚਾਰਜਸ਼ੀਟ ਕਰਨ ਦੇ ਹੁਕਮ ਦਿੱਤੇ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਵਲੋਂ ਕਿਹਾ ਗਿਆ ਸਵੱਛ ਭਾਰਤ ਮਿਸ਼ਨ ਦੇ ਸਰਵੇ ਵਿੱਚ ਜਲੰਧਰ 255 ਨੰਬਰ ਤੇ ਆ ਗਿਆ ਹੈ । ਕੋਈ ਕੰਮ ਨਹੀਂ ਹੋ ਰਿਹਾ ਹੈ । ਸਾਨੂੰ ਨਗਰ ਨਿਗਮ ਨੂੰ ਤਾਲਾ ਲਗਾ ਦੇਣਾ ਚਾਹੀਦਾ ਹੈ । ਸਾਨੂੰ ਕੌਂਸਲਰਾਂ ਨੂੰ ਸ਼ਾਮਲ ਕਰੋ ਅਤੇ ਡਿਊਟੀਆਂ ਲਗਾਓ ਤਾਂ ਜ਼ੋ ਕੰਮ ਹੋ ਸਕਣ ।

ਇਸੇ ਦੌਰਾਣ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ਵਲੋਂ ਕਿਹਾ ਗਿਆ ਕਿ ਅਸੀਂ ਕੰਮ ਕਰਵਾਵਾਂਗੇ। ਕਰੱਪਸ਼ਨ ਬੰਦ ਕਰਾਵਾਂਗੇ । 10 ਸਾਲਾਂ ਤੋਂ ਜ਼ੋ ਹੁੰਦਾ ਆ ਰਿਹਾ ਹੈ, ਹੁਣ ਨਹੀਂ ਹੋਣ ਦੇਵਾਂਗੇ ।

ਸ੍ਰੀ ਮਨਦੀਪ ਜੱਸਲ, ਕੋਂਸਲਰ, ਵਲੋਂ ਕਿਹਾ ਗਿਆ ਕਿ ਅਸੀਂ ਲੋਕਾਂ ਨੂੰ ਅਪੀਲ ਕਰਾਂਗੇ ਕਿ ਕਿਸੇ ਨੂੰ ਪੈਸੇ ਨਾ ਦੇਵੋ । ਪਿਛਲੇ 10 ਸਾਲਾਂ ਦੌਰਾਣ ਕੱਟੀਆਂ ਕਲੋਨੀਆਂ ਦੀ ਜਾਂਚ ਕਰਾਵਾਂਗੇ । ਸਰਕਾਰ ਨੂੰ ਬੇਨਤੀ ਕਰਾਂਗੇ ਕਿ ਕੋਈ ਵੱਧੀਆ ਪਾਲਿਸੀ ਆਵੇ ਤਾਂ ਜ਼ੋ ਨਜਾਇਜ਼ ਕਲੌਨੀਆਂ ਨਾ ਕੱਟੀਆਂ ਜਾ ਸਕਣ ਅਤੇ ਨਗਰ ਨਿਗਮ ਦਾ ਰੈਵੇਨਿਯੂ ਵੱਧ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਇਸ ਉਪਰੰਤ ਮੇਅਰ ਜੀ ਉਠ ਕੇ ਚਲੇ ਗਏ ਅਤੇ ਸੀਨਿਅਰ ਡਿਪਟੀ ਮੇਅਰ ਜੀ ਨੇ ਬਤੌਰ ਪ੍ਰੀਜ਼ਾਇਡਿੰਗ ਅਫ਼ਸਰ ਕੁਰਸੀ ਸੰਭਾਲੀ ।

ਸਹੀ/- ਸੁਰਿੰਦਰ ਕੌਰ,
ਸੀਨਿਅਰ ਡਿਪਟੀ ਮੇਅਰ
25.6.2018

ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ਵਲੋਂ ਕਿਹਾ ਗਿਆ ਕਿ 10 ਸਾਲਾਂ ਤੋਂ ਜ਼ੋ ਸਿਸਟਮ ਚਲ ਰਿਹਾ ਹੈ, ਨੂੰ ਖ਼ਤਮ ਕਰੀਏ । ਤੁਸੀਂ ਮੰਨਦੇ ਹੋ ਕਿ ਕਿਵੇਂ ਕਰਪਸ਼ਨ ਹੋਈ ਹੈ। ਇਸੇ ਦੌਰਾਨ ਵਿਰੋਧੀ ਧਿਰ ਵੀ ਖੜੀ ਹੋ ਗਈ ਅਤੇ ਮੰਗ ਕੀਤੀ ਕਿ ਪਹਿਲਾਂ ਤੁਸੀਂ ਜਿਹੜਾ 14 ਕਰੋੜ ਪੈਚਵਰਕ ਘੋਟਾਲੇ ਦੀ ਗੱਲ ਕੀਤੀ ਸੀ ਸਬੰਧੀ ਦਸੋ ਕੀ ਕੀਤਾ । ਇਸ ਤਰ੍ਹਾ ਦੋਵੇ ਸੱਤਾ ਧਿਰ ਅਤੇ ਵਿਰੋਧੀ ਧਿਰਾਂ ਖੜੇ ਹੋ ਕੇ ਰੋਲਾ-ਰੱਪਾ ਪਾਉਣ ਲੱਗ ਪਈਆਂ ਅਤੇ ਕੁਝ ਕੋਂਸਲਰ ਸੀਨਿਅਰ ਡਿਪਟੀ ਮੇਅਰ ਦੀ ਟੇਬਲ ਦੇ ਅੱਗੇ ਆ ਖ਼ਲੋਤੇ ਜਿਸ ਤੇ ਸੀਨਿਅਰ ਡਿਪਟੀ ਮੇਅਰ ਵਲੋਂ ਵਾਰ ਵਾਰ ਸਾਰੇ ਕੋਂਸਲਰਾਂ ਨੂੰ ਆਪੋ-ਆਪਣੀਆਂ ਸੀਟਾਂ ਤੇ ਜਾ ਕੇ ਬੈਠਣ ਲਈ ਹਦਾਇਤ ਕੀਤੀ।

ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ਵਲੋਂ ਦੱਸਿਆ ਗਿਆ ਕਿ ਜਿਹੜੀਆਂ 94 ਬਿਲਡਿੰਗਾਂ ਸਬੰਧੀ ਸ਼ਿਕਾਇਤ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਪਾਸ ਹੈ, ਇਹ ਸ਼ਿਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਰਾਜ ਵੇਲੇ ਦੀਆਂ ਬਣੀਆਂ ਹੋਈਆਂ ਹਨ ।ਪ੍ਰੰਤੂ ਵਿਰੋਧੀ ਧਿਰ ਅਤੇ ਸੱਤਾ ਧਿਰ ਆਪਸ ਵਿੱਚ ਬਹਿਸਣਾਂ ਸ਼ੁਰੂ ਹੋ ਗਏ ਅਤੇ ਇੱਕ ਦੂਜੇ ਤੇ ਆਰੋਪ ਲਗਾਉਣੇ ਸ਼ੁਰੂ ਕਰ ਦਿੱਤੇ ।

ਇਸੇ ਤੇ ਸੀਨਿਅਰ ਡਿਪਟੀ ਮੇਅਰ ਵਲੋਂ ਮੁੜ੍ਹ ਕਿਹਾ ਗਿਆ ਕਿ ਬੜਾ ਸੋਹਣਾ ਪਰਿਵਾਰਕ ਮਾਹੌਲ ਸੀ, ਉਸ ਨੂੰ ਦੋਬਾਰਾ ਮੇਨਟੇਨ ਕੀਤਾ ਜਾਵੇ । ਪ੍ਰੰਤੂ ਦੋਵੇਂ ਧਿਰਾਂ ਆਪੋ ਆਪਣੀਆਂ ਗੱਲਾਂ ਤੇ ਅੜੇ ਰਹੇ । ਜਿਸ ਤੇ ਸੀਨਿਅਰ ਡਿਪਟੀ ਮੇਅਰ ਵਲੋਂ ਰੈਗੁਲਰ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ਗਏ ।

ਇਸ ਉਪਰੰਤ ਰੈਗੁਲਰ ਅਜੰਡਾ ਪੜ੍ਹਣਾ ਸੁਰੂ ਕੀਤਾ ਗਿਆ ।

ਸਹੀ/- ਸੁਰਿੰਦਰ ਕੌਰ,
ਸੀਨਿਅਰ ਡਿਪਟੀ ਮੇਅਰ
25.6.2018

ਰੈਗੁਲਰ ਅਜੰਡੇ ਦੀਆਂ ਮੱਦ ਨੰ: 39 ਤੋਂ 54 ਪੜੀਆਂ ਗਈਆਂ ਅਤੇ ਫੈਸਲੇ ਲਏ ਗਏ ।

ਸਹੀ/- ਸੁਰਿੰਦਰ ਕੌਰ,
ਸੀਨਿਅਰ ਡਿਪਟੀ ਮੇਅਰ
25.6.2018

ਮੱਦ ਨੰ: 55 ਪੜੇ ਜਾਣ ਤੇ ਮੇਅਰ ਜੀ ਨੇ ਮੁੜ ਆ ਕੇ ਆਪਣੀ ਕੁਰਸੀ ਸੰਭਾਲੀ ਅਤੇ ਰੈਗੁਲਰ ਅਜੰਡੇ ਦੀਆਂ ਮੱਦ ਨੰ: 55 ਤੋਂ 109 ਪੜੀਆਂ ਗਈਆਂ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਰੈਗੁਲਰ ਅਜੰਡਾ ਪੜੇ ਜਾਣ ਉਪਰੰਤ ਅਤੇ ਉਹਨਾਂ ਤੇ ਲਿੱਤੇ ਗਏ ਫੈਸਲਿਆਂ ਉਪਰੰਤ ਮੇਅਰ ਜੀ ਨੇ ਸਮੂਹ ਹਾਊਸ ਨੂੰ ਕਿਹਾ ਕਿ ਭਾਂਵੇਂ ਰੈਗੁਲਰ ਅਜੰਡਾ ਪੜਿਆ ਜਾ ਚੁੱਕਾ ਹੈ, ਪਰ ਉਹ ਉਹਨਾਂ ਕੋਂਸਲਰਾਂ ਦੀਆਂ ਗੱਲਾਂ ਜ਼ਰੂਰ ਸੁਣਨਗੇ ਜਿਹੜੇ ਆਪਣੀ ਆਪਣੀ ਗੱਲ ਨਹੀਂ ਰੱਖ ਸਕੇ ।

ਸ੍ਰੀ ਪਵਨ ਕੁਮਾਰ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਹੱਡਾ ਰੋੜੀ ਦੀ ਗੱਲ ਜਦ ਉਹ ਵਿਰੋਧੀ ਧਿਰ ਵਿੱਚ ਸਨ, ਉਦੋਂ ਤੋਂ ਉਠਾਉਂਦੇ ਆ ਰਹੇ ਹਨ ਅਤੇ ਮੌਜੂਦਾ ਹਾਊਸ ਦੀ ਪਹਿਲੀ ਮੀਟਿੰਗ ਵਿੱਚ ਵੀ ਮੈਂ ਇਹ ਗੱਲ ਉਠਾਈ ਸੀ ਪਰ ਕੋਈ ਕਾਰਵਾਈ ਨਹੀਂ ਹੋ ਰਹੀ ।ਇਸ ਹੱਡਾ ਰੋੜੀ ਕਾਰਣ ਆਲ੍ਹੇ-ਦੁਆਲ੍ਹੇ ਦੇ 70-80 ਹਜ਼ਾਰ ਲੋਕ ਇਸ ਦੀ ਬਦਬੂ ਕਾਰਣ ਪ੍ਰਭਾਵਤ ਹੋ ਰਹੇ ਹਨ । ਉਹਨਾਂ ਡਾ:ਬੀ.ਆਰ.ਅੰਬੇਡਕਰ ਪਾਰਕ ਦੀ ਮਾੜੀ ਹਾਲਤ ਦਾ ਮੁੱਦਾ ਵੀ ਉਠਾਇਆ ਅਤੇ ਮੰਗ ਕੀਤੀ ਕਿ ਇਸ ਪਾਰਕ ਲਈ ਮਾਲੀ ਦਿੱਤੇ ਜਾਣ ।

ਮੇਅਰ ਜੀ ਨੇ ਏ.ਐਚ.ਓ. ਨੂੰ ਹੱਡਾ ਰੋੜੀ ਸਬੰਧੀ ਪੁੱਛਿਆ ਤਾਂ ਏ.ਐਚ.ਓ. ਵਲੋਂ ਦੱਸਿਆ ਗਿਆ ਕਿ ਹੱਡਾ ਰੋੜੀ ਵਾਲਿਆਂ ਨੂੰ ਨੋਟਿਸ ਦੇ ਦਿੱਤਾ ਗਿਆ ਸੀ । ਚਾਲਾਨ ਵੀ ਕੀਤਾ ਗਿਆ ਹੈ । ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੀਆਂ ਹਦਾਇਤਾਂ ਮੰਗਵਾਈਆਂ ਗਈਆਂ ਹਨ, ਉਸੇ ਅਨੁਸਾਰ ਅਗਲੇਰੀ ਕਾਰਵਾਈ ਅਰੰਭੀ ਜਾਵੇਗੀ ।ਜਿਸ ਤੇ ਮੇਅਰ ਜੀ ਨੇ ਸਮੂਹ ਹਾਊਸ ਦੀ ਰਾਏ ਲਈ ਅਤੇ ਫੈਸਲਾ ਹੋਇਆ ਕਿ ਇੱਕ ਹਫਤੇ ਦਾ ਟਾਈਮ ਦੇ ਕੇ ਇਸ ਹੱਡਾ ਰੋੜੀ ਨੂੰ ਸੀਲ ਕਰ ਦਿੱਤਾ ਜਾਵੇ ।

ਸ੍ਰੀਮਤੀ ਚੰਦਰਜੀਤ ਕੌਰ ਸੰਧਾ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਕੱਚਾ ਕੋਟ ਇਲਾਕੇ ਦਾ ਸੀਵਰੇਜ਼ ਉੱਚਾ ਹੈ ਨੂੰ ਠੀਕ ਕਰਵਾਇਆ ਜਾਵੇ । ਕੱਚਾ ਕੋਟ ਵਿਖੇ ਇੱਕ ਟੈਂਕੀ ਹੈ ਜਿਸ ਦੇ ਬਲਾਕ ਗਿਰ ਰਹੇ ਹਨ ਅਤੇ ਕੋਈ ਵੀ ਹਾਦਸਾ ਹੋ ਸਕਦਾ ਹੈ, ਨੂੰ ਗਿਰਾਇਆ ਜਾਵੇ । ਉਹਨਾਂ ਇਹ ਵੀ ਮੰਗ ਕੀਤੀ ਕਿ ਟੈਂਕੀ ਵਾਲੇ ਪਾਰਕ ਦਾ ਨਾਂ ਭਗਵਾਨ ਵਾਲਮੀਕਿ ਚਿਲਡਰਨ ਪਾਰਕ ਰੱਖਿਆ ਜਾਵੇ । ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਲਿਖ ਕੇ ਦੇਣ ਲਈ ਹਦਾਇਤ ਕੀਤੀ ।

ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਜਿਹੜੀ ਟੈਂਕੀ ਨੂੰ ਗਿਰਾਉਣ ਦੀ ਗੱਲ ਕਹਿ ਰਹੇ ਹਨ, ਉਸ ਦੀ ਸਟਰੈਂਥ ਚੈਕ ਕਰਵਾ ਲਈ ਜਾਵੇਗੀ ਅਤੇ ਉਸੇ ਅਨੁਸਾਰ ਅਗਲੀ ਕਾਰਵਾਈ ਅਰੰਭੀ ਜਾਵੇਗੀ ।

ਸ੍ਰੀਮਤੀ ਜ਼ਸਲੀਨ ਸੇਠੀ, ਕੋਂਸਲਰ ਵਲੋਂ ਦੱਸਿਆ ਗਿਆ ਕਿ ਉਹਨਾਂ ਦਾ ਵਾਰਡ ਤਿੰਨ ਜ਼ੋਨਾਂ ਵਿੱਚ ਪੈਂਦਾ ਹੈ ਅਤੇ ਵਾਰ ਵਾਰ ਐਸ.ਡੀ.ਓ. ਅਤੇ ਜੇ.ਈ. ਨੂੰ ਕਹਿਣ ਤੇ ਵੀ ਸ਼ਿਕਾਇਤਾਂ ਦੂਰ ਨਹੀਂ ਹੁੰਦੀਆਂ, ਇਸ ਲਈ ਕਿਸੇ ਇੱਕ ਜ਼ੋਨ ਦੇ ਅੰਦਰ ਇਸ ਵਾਰਡ ਨੂੰ ਲਿਆ ਜਾਵੇ । ਉਹਨਾਂ ਅੱਗੇ ਕਿਹਾ ਕਿ ਅਬਾਦਪੁਰਾ-ਲਿੰਕ ਰੋਡ ਤੇ ਡਾ: ਅਮਰਜੀਤ ਰਾਏ ਦੀ ਸੀਵਰੇਜ਼ ਬੰਦ ਸਬੰਧੀ ਕਈ ਵਾਰ ਸ਼ਿਕਾਇਤ ਕੀਤੀ ਗਈ ਜਿਹੜੀ ਕਿ ਸਵੇਰੇ ਠੀਕ ਹੁੰਦੀ ਸੀ ਤਾਂ ਸ਼ਾਮ ਨੂੰ ਫਿਰ ਓਹੀ ਹਾਲਤ ਹੁੰਦੀ ਸੀ ।ਡਾ: ਅਮਰਜੀਤ ਰਾਏ ਵਲੋਂ ਉਹਨਾਂ ਨੂੰ ਦੱਸਿਆ ਗਿਆ ਕਿ ਐਸ.ਡੀ.ਓ ਸੌਰਭ ਅਤੇ ਜੇ.ਈ. ਸੁਭਮ ਵਲੋਂ 300-300 ਰੁਪਏ ਦੀ ਮੰਗ ਕੀਤੀ ਗਈ ਅਤੇ ਜਦ ਮਨਾ ਕੀਤਾ ਗਿਆ ਤਾਂ ਉਹਨਾਂ ਨੇ ਕਿਹਾ ਕਿ ਅਸੀਂ ਬੰਦੇ ਥੋੜੇ ਮਰਵਾਉਣੇ ਹਨ ।ਇਸ ਤੇ ਸਮੂਹ ਹਾਊਸ ਨੇ ਰੋਸ਼ ਦਾ ਪ੍ਰਗਟਾਵਾ ਕੀਤਾ ।

ਮੇਅਰ ਜੀ ਨੇ ਪਹਿਲਾਂ ਤਾਂ ਦੋਵੇਂ ਅਧਿਕਾਰੀਆਂ ਨੂੰ ਉਹਨਾਂ ਦੀ ਹੁਣ ਤੱਕ ਬਣਦੀ ਤਨਖ਼ਾਹ ਦੇ ਕੇ ਫਾਰਗ ਕਰਨ ਲਈ ਆਦੇਸ਼ ਦਿੱਤੇ ਪ੍ਰੰਤੂ ਇਸੇ ਦੌਰਾਨ ਕੁਝ ਕੋਂਸਲਰਾਂ ਵਲੋਂ ਇਸ ਦੀ ਪੁਸ਼ਟੀ ਨਾ ਕਰਦੇ ਹੋਏ ਇੱਕ ਮੌਕਾ ਦੇਣ ਲਈ ਹਾਮੀ ਭਰੀ ਤਾਂ ਮੇਅਰ ਜੀ ਨੇ ਆਦੇਸ਼ ਦਿੱਤੇ ਕਿ ਇਹਨਾਂ ਦੋਵੇਂ ਅਧਿਕਾਰੀਆਂ ਨੂੰ ਕਾਰਣ ਦੱਸੋ ਨੋਟਿਸ ਦਿੱਤੇ ਜਾਣ ।

ਸ੍ਰੀਮਤੀ ਜ਼ਸਲੀਨ ਸੇਠੀ, ਕੋਂਸਲਰ ਵਲੋਂ ਮਖ਼ਦੂਮਪੁਰਾ ਵਿਖੇ ਪੀਣ ਵਾਲੇ ਪਾਣੀ ਦੀ ਕੰਮੀ ਦਾ ਮੁੱਦਾ ਉਠਾਇਆ ਗਿਆ ਅਤੇ ਮੰਗ ਕੀਤੀ ਕਿ ਡਿਸਪੋਜ਼ਲ ਵਾਲੀ ਜਗ੍ਹਾ ਤੇ ਨਵਾਂ ਟਿਊਬਵੈਲ ਲਗਾਇਆ ਜਾਵੇ ਜਿਸ ਤੇ ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਤਖ਼ਮੀਨਾ ਤਿਆਰ ਕਰਵਾ ਲਿਆ ਗਿਆ ਹੈ ।

ਸ੍ਰੀਮਤੀ ਜ਼ਸਲੀਨ ਸੇਠੀ, ਕੋਂਸਲਰ ਵਲੋਂ ਕਿਹਾ ਗਿਆ ਕਿ ਸ਼ਹਿਰ ਅੰਦਰ ਕਈ ਕਾਰ ਬਜ਼ਾਰ ਹਨ ਅਤੇ ਕਈ ਥਾਂਵਾਂ ਤੇ ਟਰਾਲੀਆਂ ਆਦਿ ਖੜੀਆਂ ਰਹਿੰਦੀਆਂ ਹਨ, ਪਾਸੋਂ ਤਹਿਬਜ਼ਾਰੀ ਫੀਸ ਉਗਰਾਹੀ ਜਾਵੇ ਤਾਂ ਜ਼ੋ ਨਗਰ ਨਿਗਮ ਨੂੰ ਆਮਦਨ ਹੋ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀਮਤੀ ਰਾਧਿਕਾ ਪਾਠਕ, ਕੋਂਸਲਰ, ਵਲੋਂ ਮੁੱਦਾ ਉਠਾਇਆ ਗਿਆ ਕਿ ਸ਼ਹਿਰ ਦੇ ਅੰਦਰੂਨੀ ਬਜ਼ਾਰ ਜਿਵੇਂ ਕਿ ਰੈਣਕ ਬਜ਼ਾਰ, ਸ਼ੇਖਾ ਬਜ਼ਾਰ, ਆਦਿ ਜਿੱਥੇ ਕਿ ਕਾਫੀ ਤਾਦਾਦ ਵਿੱਚ ਐਨ.ਆਰ.ਆਈ. ਅਤੇ ਆਲ੍ਹੇ-ਦੁਆਲ੍ਹੇ ਦੇ ਪਿੰਡਾਂ ਦੇ ਲੋਕ ਖ਼ਰੀਦਾਰੀ ਕਰਨ ਵੀ ਆਉਂਦੇ ਹਨ, ਪਰ ਸੀਵਰੇਜ਼ ਬਲਾਕੇਜ਼ ਕਾਰਣ ਕਾਫੀ ਪਰੇਸ਼ਾਨੀ ਹੁੰਦੀ ਹੈ ।ਵਾਰ ਵਾਰ ਸੀਵਰੇਜ਼ ਦੀ ਬਲਾਕੇਜ਼ ਦੀ ਸੱਮਸਿਆ ਬਣੀ ਰਹਿੰਦੀ ਹੈ ।ਬਰਸਾਤਾਂ ਅੱਗੇ ਆ ਰਹੀਆਂ ਹਨ, ਇਸ ਲਈ ਇੱਕ ਦਾ ਪੱਕਾ ਹਲ੍ਹ ਕਢਿਆ ਜਾਵੇ ।

ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਇਹ ਸਾਰਾ ਕਮਰਸ਼ੀਅਲ ਏਰੀਆ ਹੈ ਅਤੇ ਬਜ਼ਾਰਾ ਵਿੱਚ ਪਾਲੀਥੀਣ ਆਦਿ ਕਰਕੇ ਸੀਵਰੇਜ਼ ਬਲਾਕੇਜ਼ ਹੁੰਦੀ ਹੈ ।

ਸ੍ਰੀ ਲਖਵੀਰ ਸਿੰਘ ਬਾਜਵਾ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਵਰਿਆਣਾ ਡੰਪ ਦੇ ਨਾਲ ਲੱਗਦੀ ਜਗ੍ਹਾ ਦਾ ਮਤਾ ਤੁਸੀਂ ਪਾਸ ਕਰ ਦਿੱਤਾ ਹੈ ਜਦ ਕਿ ਮੈਂ ਇਸ ਦਾ ਵਿਰੋਧ ਕਰਦਾ ਹਾਂ, ਇਸੇ ਦੌਰਾਣ ਸ੍ਰੀਮਤੀ ਸੁਨੀਤਾ ਰਿੰਕੂ ਅਤੇ ਸ੍ਰੀ ਜਗਦੀਸ਼ ਸਮਰਾਏ, ਕੋਂਸਲਰਾਂ ਵਲੋਂ ਵੀ ਇਸ ਦਾ ਵਿਰੋਧ ਕੀਤਾ ਗਿਆ । ਸ੍ਰੀ ਲਖਵੀਰ ਸਿੰਘ ਬਾਜਵਾ ਵਲੋਂ ਦੱਸਿਆ ਗਿਆ ਕਿ ਜਦ ਜਮਸ਼ੇਰ ਡੈਅਰੀ ਕੰਪਲੈਕਸ ਵਿਖੇ ਕੂੜੇ ਦੀ ਪਰੋਸੈਸਿੰਗ ਸਬੰਧੀ ਪਲਾਂਟ ਲਈ ਜਗਾ ਰਾਖ਼ਵੀਂ ਹੈ ਅਤੇ ਉਸ ਸਬੰਧੀ ਸਬੰਧਤ ਵਿਭਾਗਾਂ ਤੋਂ ਐਨ.ਓ.ਸੀ.

ਵੀ ਪ੍ਰਾਪਤ ਹੋ ਚੁੱਕੀਆਂ ਹਨ ਫਿਰ 7-8 ਏਕੜ ਜ਼ਮੀਨ ਖ਼ਰੀਦਣ ਦੀ ਕੀ ਲੋੜ੍ਹ ਹੈ, ਇਸ ਤੇ ਮੇਅਰ ਜੀ ਨੇ ਕਿਹਾ ਕਿ ਬਹੁਮਤ ਨਾਲ ਮੱਦ ਪ੍ਰਵਾਨ ਕੀਤੀ ਗਈ ਹੈ ਅਤੇ ਜਿੱਥੋਂ ਤੱਕ ਜਮਸ਼ੇਰ ਵਿਖੇ ਪਲਾਂਟ ਲਗਾਉਣ ਸਬੰਧੀ ਐਨ.ਓ.ਸੀ. ਦਾ ਸਵਾਲ ਹੈ, ਉਸ ਬਾਰੇ ਤਾਜ਼ਾ ਸਟੇਟਸ ਲੈ ਕੇ ਦੱਸਿਆ ਜਾਵੇ ।ਇਸ ਤੋਂ ਇਲਾਵਾ ਮੇਅਰ ਜੀ ਨੇ ਕਿਹਾ ਕਿ ਉਹਨਾਂ ਦੀ ਇਹ ਮੰਸ਼ਾ ਨਹੀਂ ਹੈ ਕਿ ਡੰਪ ਨੂੰ ਇੱਥੋਂ ਖ਼ਤਮ ਨਹੀਂ ਕਰਨਾ ਬਲਕਿ ਪੁਰਾਣੇ ਕੂੜੇ ਦਾ ਸਮਾਧਾਨ ਲਭਣਾ ਹੈ ਅਤੇ ਅਜੇ ਸਿਰਫ ਜਗ੍ਹਾ ਹੀ ਖ਼ਰੀਦ ਹੋ ਰਹੀ ਹੈ । ਸ਼ਹਿਰ ਦੇ ਹਿੱਤ ਨੂੰ ਵੇਖ ਕੇ ਹੀ ਕੀਤਾ ਜਾ ਰਿਹਾ ਹੈ ।ਪਲਾਂਟ ਲਗਾਉਣ ਦਾ ਮੰਤਵ ਪੁਰਾਣਾ ਕੂੜਾ ਖ਼ਤਮ ਕਰਨਾ ਹੈ ਅਤੇ ਤੁਹਾਡੀ ਸਲ੍ਹਾਹ ਬਿਨਾਂ ਨਹੀਂ ਹੋਵੇਗਾ ।

ਸ੍ਰੀ ਲਖ਼ਵੀਰ ਸਿੰਘ ਬਾਜਵਾ, ਕੌਂਸਲਰ ਵਲੋਂ ਕੌਂਸਲਰਾਂ ਦੇ ਭੱਤੇ ਵਧਾ ਕੇ 50,000/- ਪ੍ਰਤੀ ਮਹੀਨਾ ਕਰਨ ਦੀ ਮੰਗ ਕੀਤੀ ਜਿਸ ਤੇ ਸਮੂਹ ਹਾਊਸ ਨੇ ਹਾਮੀ ਭਰੀ ਕਿ ਕੌਂਸਲਰਾਂ ਨੂੰ ਕਈ ਛੋਟੇ-ਮੋਟੇ ਕੰਮ ਮੌਕੇ ਤੇ ਹੀ ਆਪਣੇ ਕੋਲੋਂ ਕਰਵਾਉਣੇ ਪੈਂਦੇ ਹਨ । ਇਸ ਤੇ ਮੇਅਰ ਜੀ ਨੇ ਸਮੂਹ ਹਾਊਸ ਦੀ ਰਾਏ ਤੇ ਇਸ ਦੀ ਪ੍ਰਵਾਨਗੀ ਦਿੱਤੀ ਅਤੇ ਸਰਕਾਰ ਨੂੰ ਇਸ ਬਾਰੇ ਕਾਰਵਾਈ ਕਰਨ ਲਈ ਲਿਖਣ ਲਈ ਕਿਹਾ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਵਲੋਂ ਮੰਗ ਕੀਤੀ ਗਈ ਕਿ ਪਿਛਲੇ ਦਿਨੀਂ ਮਾਨਯੋਗ ਸਥਾਨਕ ਸਰਕਾਰ ਮੰਤਰੀ ਜੀ ਵਲੋਂ ਮਾਡਲ ਟਾਊਨ ਦੀਆਂ ਜਿਹੜੀਆਂ ਬਿਲਡਿੰਗਾਂ ਚੈਕ ਕੀਤੀਆਂ ਗਈਆਂ ਹਨ, ਦੀ ਸੂਚੀ ਉਹਨਾਂ ਨੂੰ ਦਿੱਤੀ ਜਾਵੇ ।

ਸ੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਨੂੰ 7 ਸਫਾਈ ਕਰਮਚਾਰੀ ਅਲਾਟ ਹੋਏ ਸਨ ਪ੍ਰੰਤੂ ਸਿਰਫ 2 ਸਫਾਈ ਕਰਮਚਾਰੀ ਹੀ ਮਿਲੇ ਹਨ । ਇਸ ਤੋਂ ਇਲਾਵਾ ਉਹਨਾਂ ਨੇ ਲਾਇੰਸ ਸਰਵਿਸਸ ਲਿਮਿਟਡ ਦੇ ਇੱਕ ਕਰਮਚਾਰੀ ਦਾ ਸ਼ਨਾਖਤੀ ਕਾਰਡ ਮੇਅਰ ਜੀ ਨੇ ਦਿੰਦਿਆਂ ਕਿਹਾ ਕਿ ਇਹ ਕਰਮਚਾਰੀ ਉਹਨਾਂ ਦੇ ਵਾਰਡ ਵਿੱਚ ਕੂੜਾ ਸੁੱਟ ਰਿਹਾ ਸੀ ਜਿਸ ਤੇ ਕਾਰਵਾਈ ਕੀਤੀ ਜਾਵੇ । ਇਸ ਤੇ ਮੇਅਰ ਜੀ ਨੇ ਏ.ਐਚ.ਓ. ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ।

ਸ੍ਰੀ ਜਗਦੀਸ਼ ਸਮਰਾਏ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਬਰਲਟਨ ਪਾਰਕ ਜਿੱਥੇ ਲਾਲਾ ਜਗਤ ਨਰਾਇਣ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ, ਉਥੇ ਅੱਜ ਕੂੜੇ ਦਾ ਬਹੁਤ ਵੱਡਾ ਡੰਪ ਹੈ । ਇਸ ਤੋਂ ਇਲਾਵਾ ਇਸ ਦੇ ਨੇੜੇ 2 ਸਕੂਲ ਅਤੇ 5 ਕਾਲੇਜ਼ ਹਨ ਜਿੱਥੇ ਹਜ਼ਾਰਾ ਦੀ ਗਿਣਤੀ ਵਿੱਚ ਵਿਦਿਆਰਥੀ ਆਉਂਦੇ ਜਾਂਦੇ ਹਨ । ਇਸ ਡੰਪ ਨੂੰ ਇੱਥੋਂ ਹਟਵਾਇਆ ਜਾਵੇ ਜਿਸ ਤੇ ਏ.ਐਚ.ਓ. ਵਲੋਂ ਦੱਸਿਆ ਗਿਆ ਕਿ ਇਹ ਡੰਪ ਸੈਕੰਡਰੀ ਡੰਪ ਹੈ ਅਤੇ ਜਿਹੜੀਆਂ ਗੱਡੀਆਂ ਵਰਿਆਣਾ ਡੰਪ ਤੇ ਨਹੀਂ ਜਾ ਸਕਦੀਆਂ, ਉਹ ਇੱਥੇ ਕੂੜੇ ਸੁੱਟਦੀਆਂ ਹਨ ਅਤੇ ਇੱਥੋਂ ਫਿਰ ਟਿੱਪਰਾਂ ਰਾਂਹੀਂ ਕੂੜਾ ਲਿਫਟ ਕਰਵਾਕੇ ਵਰਿਆਣਾ ਡੰਪ ਤੇ ਲਿਜਾਇਆ ਜਾਂਦਾ ਹੈ । ਇਸ ਕਰਕੇ ਇਹ ਡੰਪ ਨਹੀਂ ਹਟਾਇਆ ਜਾ ਸਕਦਾ ।

ਸ੍ਰੀਮਤੀ ਸ਼ੈਲੀ ਖੰਨਾ, ਕੌਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਇਲਾਕੇ ਵਿੱਚ ਪੈਂਦੀ ਰਾਇਲ ਐਨਕਲੇਵ ਅਤੇ ਝਾਂਸੀ ਕਲੋਨੀ ਵਿਖੇ ਨਾ ਸੀਵਰ, ਨਾ ਪਾਣੀ, ਨਾ ਸਟਰੀਟ ਲਾਈਟ ਹਨ ਜਿਸ ਤੇ ਮੇਅਰ ਜੀ ਨੇ ਐਸ.ਟੀ.ਪੀ. ਨੂੰ ਇਹਨਾਂ ਕਲੋਨੀਆਂ ਸਬੰਧੀ ਰਿਪੋਰਟ ਕਰਨ ਲਈ ਹਦਾਇਤ ਕੀਤੀ ਕਿ ਦੱਸਿਆ ਜਾਵੇ ਕਿ ਕੀ ਇਹ ਕਲੋਨੀਆਂ ਅਪਰੂਵਡ ਹਨ ਜਾਂ ਅਣਅਪਰੂਵਡ ।

ਸ੍ਰੀਮਤੀ ਰਜਨੀ ਬਾਹਰੀ, ਕੌਂਸਲਰ ਵਲੋਂ ਮੰਗ ਕੀਤੀ ਗਈ ਕਿ ਵਾਰਡ ਨੰ: 53 ਵਿੱਚ ਜਿੰਨਾਂ ਸੋਸਾਇਟੀਆਂ ਨੂੰ ਮਾਲੀਆਂ ਸਬੰਧੀ ਗ੍ਰਾਂਟ ਨਗਰ ਨਿਗਮ ਵਲੋਂ ਦਿੱਤੀ ਜਾ ਰਹੀ ਹੈ, ਦੀ ਸੂਚੀ ਉਪਲਬੱਧ ਕਰਵਾਈ ਜਾਵੇ ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਆਦੇਸ਼ ਦਿੱਤੇ ।

ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਵਲੋਂ ਮੰਗ ਕੀਤੀ ਗਈ ਕਿ ਸਤਿਗੁਰੂ ਕਬੀਰ ਜਯੰਤੀ ਹੈ ਅਤੇ ਉਹਨਾਂ ਦੇ ਇਲਾਕੇ ਵਿੱਚ ਸ਼ੋਭਾ ਯਾਤਰਾ ਨਿਕਲਣੀ ਹੈ । ਉਥੇ 10 ਸੀਵਰ ਦੇ ਢੱਕਣ ਟੁੱਟੇ ਹੋਏ ਹਨ, ਜਿਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਬਦਲਵਾਇਆ ਜਾਵੇ ।

ਸ੍ਰੀਮਤੀ ਵੰਦਨਾ ਭੁੱਲਰ, ਕੌਂਸਲਰ ਵਲੋਂ ਇਕਹਰੀ ਪੁਲੀ ਵਿਖੇ ਪਾਣੀ ਦੀ ਨਿਕਾਸੀ ਦਾ ਮੁੱਦਾ ਉਠਾਇਆ ਗਿਆ ਅਤੇ ਇਹ ਵੀ ਕਿਹਾ ਕਿ ਜਗਤਪੁਰਾ ਮੁਹੱਲੇ ਵਿੱਚ ਪਾਣੀ ਦੀ ਮਿਕਸਿੰਗ ਹੋ ਰਹੀ ਹੈ । ਜਿਸ ਤੇ ਮੇਅਰ ਜੀ ਨੇ ਸਬੰਧਤ ਅਧਿਕਾਰੀ ਨੂੰ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਅਤੇ ਉਹਨਾਂ ਕੌਂਸਲਰ ਨੂੰ ਹਦਾਇਤ ਕੀਤੀ ਕਿ ਪਾਣੀ ਨੂੰ ਬੋਤਲ ਵਿੱਚ ਭਰ ਕੇ ਉਸ ਦੇ ਬਾਹਰ ਚਿਪ ਲਗਾਕੇ ਮੇਅਰ ਦਫ਼ਤਰ ਭੇਜ਼ ਦਿੱਤੀ ਜਾਵੇ ਤਾਂ ਜ਼ੋ ਉਸ ਦੀ ਜਾਂਚ ਕਰਵਾਈ ਜਾ ਸਕੇ ।

ਸ੍ਰੀਮਤੀ ਰੀਟਾ ਸ਼ਰਮਾ, ਕੌਂਸਲਰ ਵਲੋਂ ਅਟਾਰੀ ਬਜ਼ਾਰ ਦੀ ਸੀਵਰ ਦੀ ਸੱਮਸਿਆ ਦਾ ਮੁੱਦਾ ਉਠਾਇਆ ਗਿਆ ਅਤੇ ਟਾਈਲਾਂ ਵਾਲੀਆਂ ਗਲੀਆਂ ਦੀ ਰਿਪੇਅਰ ਦੀ ਮੰਗ ਕੀਤੀ ਗਈ ।

ਸ੍ਰੀ ਅਵਤਾਰ ਸਿੰਘ, ਕੌਂਸਲਰ ਵਲੋਂ ਮੁੱਦਾ ਉਠਾਇਆ ਕਿ ਨੀਵੀਂ ਅਬਾਦੀ ਸੰਤੋਖਪੁਰਾ ਵਿਖੇ 10 ਦਿਨਾਂ ਤੋਂ ਪਾਣੀ ਨਹੀਂ ਆ ਰਿਹਾ । ਇਸ ਬਾਰੇ ਐਸ.ਡੀ.ਓ. ਤੋਂ ਟੈਂਕਰ ਮੰਗਿਆ ਗਿਆ ਤਾਂ ਉਹਨਾਂ ਦਾ ਜਵਾਬ ਸੀ ਕਿ ਇੱਕੋ ਟੈਂਕਰ ਹੈ । ਜਿਸ ਤੇ ਸਬੰਧਤ ਕਾਰਜਕਾਰੀ ਇੰਜੀਨਿਅਰ ਵਲੋਂ ਦੱਸਿਆ ਗਿਆ ਕਿ ਟਿਊਬਵੈਲ ਪਾਸ ਹੈ । ਇਹਨਾਂ ਦੇ ਵਾਰਡ ਵਿੱਚ ਸ਼ਿਫਟ ਕਰਵਾ ਦਿੱਤਾ ਜਾਵੇਗਾ ਜਿਸ ਨਾਲ ਸਮਾਧਾਨ ਹੋ ਜਾਵੇਗਾ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਸ੍ਰੀ ਵਿਪਨ ਚੱਢਾ, ਕੌਂਸਲਰ ਵਲੋਂ ਮੰਗ ਕੀਤੀ ਗਈ ਕਿ ਓ ਐਂਡ ਐਮ ਦੇ ਮੇਨਟੀਨੈਂਸ ਦੇ ਕੰਮ ਅਲੱਗ ਅਲੱਗ ਠੇਕੇਦਾਰਾਂ ਨੂੰ ਦਿੱਤੇ ਜਾਇਆ ਕਰਨ ।

ਸ੍ਰੀਮਤੀ ਬਲਜਿੰਦਰ ਕੌਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ 10 ਮੁਹੱਲਿਆਂ ਵਿੱਚ ਸਿਰਫ 2 ਸਫਾਈ ਕਰਮਚਾਰੀ ਹਨ ।ਜਿਸ ਤੇ ਏ.ਐਚ.ਓ. ਨੇ ਦੱਸਿਆ ਕਿ ਇਹਨਾਂ ਦਾ ਵਾਰਡ ਕਾਹਨਪੁਰ ਤੱਕ ਫੈਲਿਆ ਹੋਇਆ ਹੈ ।

ਸ੍ਰੀ ਨਿਰਮਲ ਸਿੰਘ, ਕੌਂਸਲਰ ਵਲੋਂ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੁਸੀਂ ਕੌਂਸਲਰਾਂ ਦੀ ਇੱਜਤ ਬਹਾਲ ਕੀਤੀ ਹੈ ਅਤੇ ਤੁਸੀਂ ਅਫਸਰਾਂ ਨੂੰ ਜਵਾਬਦੇਹ ਬਣਾਇਆ ਹੈ । ਅਜਿਹਾ ਸਿਸਟਮ ਬਹਾਲ ਰਖੀਏ ।ਉਹਨਾਂ ਕਿਹਾ ਕਿ ਪਾਣੀ ਦੀ ਸੱਮਸਿਆ ਨੈਸ਼ਨਲ ਲੈਵਲ ਦੀ ਬਣੀ ਹੋਈ ਹੈ । ਮੈਂ ਭਾਸਕਰ ਅਖਬਾਰ ਵਿੱਚ ਪੜਿਆ ਹੈ ਕਿ ਕਿਸੇ ਮਹਾਂਰਾਸ਼ਟਰ ਵਿੱਚ ਪਾਣੀ ਲੈਣ ਲਈ ਕਤਾਰਾਂ ਲੱਗਦੀਆਂ ਹਨ । ਇਸ ਤੋਂ ਇਲਾਵਾ ਅਜੀਤ ਅਖ਼ਬਾਰ ਦੇ ਸਵਾਂਵਦਾਤਾ ਸ੍ਰੀ ਸ਼ਿਵ ਸ਼ਰਮਾ ਦਾ ਆਰਟੀਕਲ ਪੜਿਆ ਸੀ ਕਿ ਜੇਕਰ ਕਾਰਪੋਰੇਸ਼ਨ ਦਾ ਪਾਣੀ ਮਿਕਸ ਨਾ ਹੋਵੇ ਤਾਂ ਉਹ ਪੀਣ ਯੋਗ ਹੈ । ਸਾਨੂੰ ਡਾਕਟਰਾਂ ਨੇ ਡਰਾ ਡਰਾ ਕੇ ਆਰ.ਓ. ਦਾ ਪਾਣੀ ਪੀਣ ਲਈ ਮਜਬੂਰ ਕਰ ਦਿੱਤਾ ਹੈ । ਆਰ.ਓ. ਦਾ ਪਾਣੀ ਜਿੰਨਾ ਸਾਫ ਹੁੰਦਾ ਹੈ, ਉਹਨਾਂ ਹੀ ਸੀਵਰੇਜ਼ ਵਿੱਚ ਵੀ ਜਾ ਰਿਹਾ ਹੈ । ਅਸੀਂ ਕਿਸੇ ਐਕਸਪਰਟ ਨੂੰ ਇਸ ਸਬੰਧੀ ਹਾਊਸ ਵਿੱਚ ਬੁਲਾਈਏ । ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜਿਹੜੇ ਮੁਹੱਲਿਆ ਵਿੱਚ ਟਾਵਰ ਲਗਾਏ ਜਾਂਦੇ ਹਨ ਉਨ੍ਹਾਂ ਵਾਸਤੇ ਵੀ ਕਿਸੇ ਐਕਸਪਰਟ ਨੂੰ ਹਾਊਸ ਵਿੱਚ ਬੁਲਾ ਕੇ ਇਸ ਸਬੰਧੀ ਹੋਰ ਜਾਣਕਾਰੀ ਲੈ ਲੈਣੀ ਚਾਹੀਦੀ ਹੈ।

ਸ੍ਰੀਮਤੀ ਰਿਸ਼ਾ ਸੈਣੀ, ਕੌਂਸਲਰ ਨੇ ਦੱਸਿਆ ਕਿ ਉਹਨਾਂ ਪਾਸ ਸਿਰਫ ਇੱਕ ਹੀ ਸਫਾਈ ਕਰਮਚਾਰੀ ਹੈ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਵਲੋਂ ਤਿਲਕ ਨਗਰ ਦੇ ਬੰਦ ਪਏ ਟਿਊਬਵੈਲ ਦਾ ਮੁੱਦਾ ਉਠਾਇਆ । ਉਹਨਾਂ ਦੱਸਿਆ ਕਿ ਉਦੇ ਨਗਰ, ਕਰਤਾਰ ਨਗਰ, ਨਿਊ ਦਸ਼ਮੇਸ਼ ਨਗਰ ਡਰਾਈ ਹੋ ਗਿਆ ਸੀ । ਇੱਕ ਮਹੀਨੇ ਵਿੱਚ 17 ਵਾਰ ਟਿਊਬਵੈਲ ਦੀ ਰਿਪੇਅਰ ਕਰਵਾਉਣੀ ਪਈ ਹੈ । ਟਿਊਬਵੈਲ ਚਲਦੇ ਚਲਦੇ ਬੰਦ ਹੋ ਜਾਂਦੇ ਹਨ ਅਤੇ ਫਾਲਟ ਲਭਣਾ ਪੈਂਦਾ ਹੈ । ਜ਼ੋਨ ਨੰ: 7 ਵਿੱਚ ਟਿਊਬਵੈਲਾਂ ਸਬੰਧੀ ਤਜ਼ਰਬਾ ਕੀਤਾ ਗਿਆ ਸੀ ਕਿ ਟਿਊਬਵੈਲ ਬੰਦ ਹੋ ਜਾਣ ਤੇ ਕੌਂਸਲਰ ਨੂੰ ਐਸ.ਐਮ.ਐਸ. ਚਲਾ ਜਾਵੇਗਾ । ਇਸੇ ਤਰ੍ਹਾਂ ਦੀ ਸੁਵਿਧਾ ਉਹਨਾਂ ਨੂੰ ਵੀ ਦਿੱਤੀ ਜਾਵੇ । ਟਿਊਬਵੈਲਾਂ ਨੂੰ ਲਿੰਕ ਕਰਵਾਇਆ ਜਾਵੇ । ਮੇਰੇ ਇਲਾਕੇ ਵਿੱਚ ਇੱਕ ਡੰਪ ਹੈ ਉਹ ਅੱਧਾ ਬਣਿਆ ਹੋਣ ਕਾਰਣ ਪਾਣੀ ਖੜਾ ਰਹਿੰਦਾ ਹੈ । ਭਰਤੀ ਪਾ ਕੇ ਇਸ ਡੰਪ ਨੂੰ ਬੰਦ ਕਰਵਾਇਆ ਜਾਵੇ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਵਲੋਂ ਦੱਸਿਆ ਗਿਆ ਕਿ ਠੇਕੇਦਾਰ ਆਪ ਹੀ ਮਹੂਰਤ ਕਰ ਦਿੰਦੇ ਹਨ ਅਤੇ ਉਹਨਾਂ ਨੂੰ ਕੋਈ ਨਿਮੰਤਰਨ ਵੀ ਨਹੀਂ ਭੇਜਿਆ ਜਾਂਦਾ ਹੈ ।ਜੇ.ਈ. ਸ੍ਰੀ ਤਰਨਪ੍ਰੀਤ ਸਿੰਘ ਨੂੰ ਫੋਨ ਕਰੋ ਉਹ ਸੁਣਦਾ ਹੀ ਨਹੀਂ । ਉਹਨਾਂ ਸ੍ਰੀ ਸਤਿੰਦਰ ਕੁਮਾਰ, ਕਾਰਜਕਾਰੀ ਇੰਜੀਨਿਅਰ ਅਤੇ ਸ੍ਰੀ ਅਨਿਲ ਚੱਡਾ, ਜੇ.ਈ. ਦੀ ਤਰੀਫ ਕੀਤੀ ਅਤੇ ਕਿਹਾ ਕਿ ਜਦੋਂ ਵੀ ਇਹਨਾਂ ਨੂੰ ਫੋਨ ਕਰੋ ਉਹ ਉਸੇ ਵੇਲੇ ਜਵਾਬ ਦਿੰਦੇ ਹਨ । ਉਹਨਾਂ ਇਹ ਵੀ ਦੱਸਿਆ ਕਿ 11 ਵਾਰਡਾਂ ਵਿੱਚ ਸਿਰਫ ਇੱਕ ਹੀ ਮਿਸਤਰੀ ਹੈ ।

ਸ੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ ਵਲੋਂ ਕਿਹਾ ਗਿਆ ਕਿ ਉਹਨਾਂ ਦਾ ਵਾਰਡ ਕਾਫੀ ਵੱਡਾ ਹੈ ਅਤੇ ਉਹਨਾਂ ਨੂੰ ਸਿਰਫ 10 ਸਫਾਈ ਸੇਵਕ ਮਿਲੇ ਹਨ ਜਦ ਦਿ 30 ਸਫਾਈ ਸੇਵਕ ਮੰਗੇ ਗਏ ਸਨ ।ਉਹਨਾਂ ਕਿਹਾ ਕਿ ਉਹਨਾਂ ਵਲੋਂ ਮੇਅਰ ਜੀ ਨੂੰ ਇੱਕ ਪੱਤਰ ਦਿੱਤਾ ਗਿਆ ਸੀ ਕਿ ਸਕੂਲ ਦੇ ਪਿਛੇ ਛੱਪੜ ਵਾਲੀ ਜਗ੍ਹਾ ਬਾਰੇ ਪਤਾ ਕਰਵਾਇਆ ਜਾਵੇ ।

ਸ੍ਰੀਮਤੀ ਰਿਸ਼ਾ ਸੈਣੀ ਅਤੇ ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਵਲੋਂ ਗਦਈਪੁਰ ਵਿਖੇ ਬਣਨ ਵਾਲੇ ਸਲਾਟਰ ਹਾਊਸ ਦੀ ਵਿਰੋਧ ਜਤਾਇਆ ਗਿਆ ।

ਅਖ਼ੀਰ ਵਿੱਚ ਮੇਅਰ ਜੀ ਨੇ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਕੌਂਸਲਰਾਂ ਨੇ ਆਪੋ ਆਪਣੀਆਂ ਗੱਲਾਂ ਰੱਖ ਲਈਆਂ ਹਨ ਅਤੇ ਹੁਣ ਉਹਨਾਂ ਦੀਆਂ ਗੱਲਾਂ ਧਿਆਨ ਨਾਲ ਸੁਣੀਆਂ ਜਾਣ ।

ਮੇਅਰ ਜੀ ਨੇ ਦੱਸਿਆ ਕਿ ਨਗਰ ਨਿਗਮ ਦੇ ਅਧਿਕਾਰੀ ਕਿਸ ਤਰ੍ਹਾਂ ਆਪਣੀਆਂ ਤਨਖ਼ਾਹਾਂ ਤਾਂ ਸਮੇਂ ਸਿਰ ਲੈਣ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਨਗਰ ਨਿਗਮ ਨੂੰ ਜਿੱਥੋਂ ਆਮਦਨ ਆਉਣੀ ਹੁੰਦੀ ਹੈ, ਉਸ ਵੱਲ ਕਿੰਨਾ ਕੁ ਧਿਆਨ ਦਿੰਦੇ ਹਨ, ਮੈਂ ਤੁਹਾਨੂੰ ਅੱਜ ਦੱਸਦਾ ਹਾਂ । ਨਗਰ ਨਿਗਮ ਵਲੋਂ ਸਾਲ 2007 ਤੋਂ ਵੱਖ ਵੱਖ ਕੰਪਨੀਆਂ ਦੇ ਟਾਵਰਾਂ ਤੋਂ ਜਿਹੜੀ ਫੀਸ ਲੈਣੀ ਹੁੰਦੀ ਹੈ, ਨਹੀਂ ਲਈ ਜਾ ਰਹੀ । ਸਾਲ 2007 ਦੇ 7 ਟਾਵਰ, 2009 ਤੋਂ 45, ਸਾਲ 2011 ਤੋਂ 149, 2013 ਤੋਂ 56, 2014 ਤੋਂ 25, 2015 ਤੋਂ 449 ਅਤੇ ਸਾਲ 2015 ਤੋਂ 79 ਕੁਲ 659 ਟਾਵਰਾਂ ਦੇ ਪੈਸੇ ਆਉਣੇ ਸੀ, ਜਿਹੜੇ ਕਿ ਨਹੀਂ ਆਏ । ਕੀ ਹਾਊਸ ਇਸ ਅਣਗਹਿਲੀ ਲਈ ਜਿੰਮੇਵਾਰ ਅਧਿਕਾਰੀਆਂ ਨੂੰ ਚਾਰਜਸ਼ੀਟ ਕਰਨਾ ਪ੍ਰਵਾਨ ਕਰਦਾ ਹੈ ।ਜਿਸ ਤੇ ਹਾਊਸ ਵਲੋਂ ਫੈਸਲਾ ਲਿਆ ਗਿਆ ਕਿ ਜਿਹੜੇ ਜਿਹੜੇ ਅਧਿਕਾਰੀ ਦੇ ਸਮੇਂ ਤੋਂ ਇਹ ਪੈਸੇ ਨਹੀਂ ਆਏ ਉਹਨਾਂ ਨੂੰ ਇੱਕ ਵਾਰ ਸਖ਼ਤ ਵਾਰਨਿੰਗ ਦੇ ਦਿੱਤੀ ਜਾਵੇ ਅਤੇ ਇੱਕ ਮਹੀਨੇ ਦੇ ਅੰਦਰ ਅੰਦਰ ਇਹ ਰਿਕਵਰੀ ਕੀਤੀ ਜਾਵੇ ਅਤੇ ਜੇਕਰ ਫਿਰ ਵੀ ਪੈਸੇ ਨਹੀਂ ਆਉਂਦੇ ਤਾਂ ਜਿੰਮੇਵਾਰੀ ਅਧਿਕਾਰੀਆਂ ਦੀਆਂ ਤਨਖ਼ਾਹਾਂ ਤੋਂ ਇਹ ਵਸੂਲੀ ਕੀਤੀ ਜਾਵੇ । ਮੇਅਰ ਜੀ ਨੇ ਇਹ ਵੀ ਕਿਹਾ ਕਿ ਕੌਂਸਲਰ ਨੂੰ ਵਿਸ਼ਵਾਸ ਵਿੱਚ ਲਏ ਬਗੈਰ ਕਿਸੇ ਵੀ ਟਾਵਰ ਨੂੰ ਨਾ ਲੱਗਣ ਦਿੱਤਾ ਜਾਵੇ । ਮੇਅਰ ਜੀ ਨੇ ਇਹ ਵੀ ਦੱਸਿਆ ਕਿ ਕੋਈ ਵੀ ਬ੍ਰਾਂਚ ਆਪਣੇ ਆਪਣੇ ਟਾਰਗੇਟ ਪੂਰੇ ਨਹੀਂ ਕਰ ਰਹੀ ਹੈ । ਇਸ ਦਾ ਮੁਖ ਕਾਰਣ ਵੀ ਇਹੋ ਹੈ ਕਿ ਪਿਛਲੇ ਕਈ ਸਾਲਾਂ ਤੋਂ ਹਾਊਸ ਦੀਆਂ ਮੀਟਿੰਗਾਂ ਰੈਗੁਲਰ ਨਹੀਂ ਹੋਈਆਂ ਅਤੇ ਜੇਕਰ ਹਾਊਸ ਦੀ ਮੀਟਿੰਗ ਰੈਗੁਲਰ ਹੋਵੇ ਤਾਂ ਅਧਿਕਾਰੀਆਂ ਨੂੰ ਜਵਾਬਦੇਹ ਬਣਾਇਆ ਜਾ ਸਕਦਾ ਹੈ । ਇਸ ਲਈ ਹਰ ਮਹੀਨੇ ਹਾਊਸ ਦੀ ਮੀਟਿੰਗ ਹੋਣੀ ਚਾਹੀਦੀ ਹੈ ।

ਟਾਵਰਾਂ ਸਬੰਧੀ ਮੇਅਰ ਜੀ ਨੇ ਸ੍ਰੀ ਜ਼ੋਗਿੰਦਰ ਸਿੰਘ, ਕਾਰਜਕਾਰੀ ਇੰਜੀਨਿਅਰ ਨੂੰ ਜਵਾਬ ਦੇਣ ਲਈ ਕਿਹਾ ਤਾਂ ਉਹਨਾਂ ਦੱਸਿਆ ਕਿ ਉਹਨਾਂ ਪਾਸ ਇਹ ਚਾਰਜ ਆਏ ਨੂੰ ਮਹੀਨਾ ਹੀ ਹੋਇਆ ਹੈ ਅਤੇ ਉਹਨਾਂ ਵੇਖਿਆ ਹੈ ਕਿ ਕਈ ਕੰਪਨੀਆਂ ਆਪਸ ਵਿੱਚ ਮਰਜ ਹੋ ਗਈਆਂ ਹਨ ਅਤੇ ਕੁਝ ਹਾਈਕੋਰਟ ਵੀ ਗਈਆਂ ਹੋਈਆਂ ਹਨ । ਮੇਅਰ ਜੀ ਨੇ ਪੁੱਛਿਆ ਕਿ ਕੀ ਕੋਰਟ ਵਲੋਂ ਰਿਕਵਰੀ ਲੈਣ ਸਬੰਧੀ ਕੋਈ ਸਟੇਅ ਆਰਡਰ ਹੈ ਤਾਂ ਉਹਨਾਂ ਵਲੋਂ ਦੱਸਿਆ ਗਿਆ ਕਿ ਨਹੀਂ ਕੋਈ ਸਟੇਅ ਆਰਡਰ ਨਹੀਂ ਹੈ ਜਿਸ ਤੇ ਮੇਅਰ ਜੀ ਨੇ

ਪੂਰੀ ਵਿਸਥਾਰਪੂਰਵਕ ਰਿਪੋਰਟ ਭਾਵ ਕਿੰਨੀਆਂ ਕੰਪਨੀਆਂ ਤੋਂ ਕਿੰਨੀ ਰਿਕਵਰੀ ਲੈਣੀ ਹੈ, ਸਬੰਧੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

ਮੇਅਰ ਜੀ ਨੇ ਕਿਹਾ ਕਿ ਜਿਹੜੇ 14 ਕਰੋੜ ਰੁਪਏ ਦੇ ਪੈਚ ਵਰਕ ਦੇ ਘੋਟਾਲੇ ਸਬੰਧੀ ਅਸੀਂ ਸ਼ਿਕਾਇਤ ਕੀਤੀ ਸੀ, ਉਸਦੀ ਜਾਂਚ ਚਲ ਰਹੀ ਹੈ ਅਤੇ ਜਲਦ ਹੀ ਇਸ ਬਾਰੇ ਵੀ ਆਂਕੜੇ ਹਾਊਸ ਅੱਗੇ ਰੱਖੇ ਜਾਣਗੇ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਇਸ ਉਪਰੰਤ ਮੇਅਰ ਜੀ ਨੇ ਰੋਡ ਸਵੀਪਿੰਗ ਮਸ਼ੀਨ ਸਬੰਧੀ ਹੋਏ ਘੋਟਾਲੇ ਸਬੰਧੀ ਹਾਊਸ ਨੂੰ ਜਾਣੂ ਕਰਵਾਇਆ ਕਿ ਉਹਨਾਂ ਵਲੋਂ ਇਸ ਸਬੰਧੀ ਲਿਖ ਕੇ ਡੀ.ਸੀ.ਐਲ.ਏ. ਪਾਸੋਂ ਰਿਪੋਰਟ ਮੰਗਵਾਈ ਗਈ ਹੈ ਜ਼ੋ ਮੈਂ ਪੜ ਕੇ ਸੁਣਾਉਂਦਾ ਹਾਂ:

ਹਵਾਲਾ ਮਾਣਯੋਗ ਮੇਅਰ ਸਾਹਿਬ ਦੇ ਦਫ਼ਤਰ ਪੱਤਰ ਨੰ. ਡੀ/31/ਮੇਅਰ ਮਿਤੀ 25.06.2018 ਦੇ ਸੰਬੰਧ ਵਿੱਚ ਉਪਰੋਕਤ ਪੱਤਰ ਦੇ ਨਾਲ ਨੱਥੀ ਕੀਤੇ ਦਸਤਾਵੇਜਾਂ ਦੇ ਆਧਾਰ ਤੇ ਹੇਠ ਅਨੁਸਾਰ ਟਿੱਪਣੀ ਕੀਤੀ ਜਾਂਦੀ ਹੈ :

(1) ਮਤਾ ਨੰ 40 ਮਿਤੀ 01.02.2016 ਰਾਹੀ ਹਾਊਸ ਵੱਲੋ ਪ੍ਰਵਾਨਗੀ ਅਨੁਸਾਰ 50 ਕਿਲੋਮੀਟਰ ਸੜਕਾਂ ਦੀ ਸਫਾਈ ਅਤੇ ਹੋਰ ਸਕੋਪ ਆਫ ਵਰਕ ਰੋਜ਼ਾਨਾ ਕੀਤੀ ਜਾਣੀ ਹੈ। ਆਲਟਰਨੇਟਿਵ ਡੇ ਤੇ ਕਰਨ ਦੀ ਮੰਜੂਰੀ ਹਾਊਸ ਵੱਲੋਂ ਨਹੀਂ ਹੈ। ਐਫ.ਐਡ.ਸੀ.ਸੀ ਦੇ ਮਤਾ ਨੰ. 34 ਮਿਤੀ 08.04.2016 ਦੀ ਪ੍ਰਵਾਨਗੀ ਵੀ 50 ਕਿਲੋਮੀਟਰ ਸੜਕਾਂ ਦੀ ਸਫਾਈ ਅਤੇ ਹੋਰ ਸਕੋਪ ਆਫ ਵਰਕ ਰੋਜਾਨਾ ਕਰਨ ਦੀ ਹੀ ਹੈ ਨਾ ਕਿ ਆਲਟ੍ਰਨੇਟਿਵ ਡੇ ਦੀ ਹੈ।

(2) ਮੈਨਜਮੈਂਟ ਕਾਂਟਰੈਕਟ ਦੇ ਕਲਾਜ਼ ਨੰ. 3.3 (ਅਨੈਕਸਚਰ 9) ਅਨੁਸਾਰ ਰੇਟ 97,000/- ਰੁਪਿਆ ਪ੍ਰਤੀ ਕਿਲੋਮੀਟਰ ਪ੍ਰਤੀ ਮਹੀਨਾ (4 ਲੇਨ ਸੜਕਾਂ ਲਈ) ਮੰਨਜੂਰ ਕੀਤਾ ਗਿਆ ਹੈ ਅਤੇ ਇਸ ਅਨੁਸਾਰ ਪ੍ਰਤੀ ਕਿਲੋਮੀਟਰ ਪ੍ਰਤੀ ਦਿਨ ਦਾ ਰੇਟ ਰੁਪਏ 3233.33 ਦੇਣਾ ਬਣਦਾ ਹੈ। ਇੱਥੇ ਇਹ ਵੀ ਦਸਣਯੋਗ ਹੈ ਕਿ ਹਾਊਸ ਦੇ ਮਤਾ ਨੰ. 40 ਮਿਤੀ 01.02.2016 ਅਤੇ ਐਫ.ਐਡ.ਸੀ.ਸੀ ਦੇ ਮਤਾ ਨੰ. 34 ਮਿਤੀ 08.04.16 ਅਨੁਸਾਰ ਵੀ ਰੇਟ ਦੀ ਪ੍ਰਵਾਨਗੀ 97000/-ਰੁਪਏ ਪ੍ਰਤੀ ਕਿਲੋਮੀਟਰ ਪ੍ਰਤੀ ਮਹੀਨਾ ਦੀ ਹੈ ।

(3) ਨਗਰ ਨਿਗਮ ਵਲੋਂ ਇਸ ਸਾਰੇ ਕੰਮ ਨੂੰ ਰੋਜ਼ਾਨਾ ਕਰਨ ਦਾ ਟੈਂਡਰ ਲਗਾਇਆ ਗਿਆ ਸੀ ਇਸ ਦਾ ਇਮਪਲੀਮੈਂਟਸ਼ਨ ਪਲੈਨ 3 ਸਾਲ ਦਾ ਰੱਖਿਆ ਗਿਆ ਸੀ ਨਾ ਕਿ 5 ਸਾਲ ਦਾ ।ਤਿੰਨ ਸਾਲ ਤੋਂ 5 ਸਾਲ ਕਰਨ ਦਾ ਅਧਿਕਾਰ ਕੇਵਲ ਹਾਊਸ ਦੇ ਕੋਲ ਹੈ।

(4) ਨਗਰ ਨਿਗਮ ਦੇ ਹਾਊਸ ਅਤੇ ਐਫ.ਐਡ.ਸੀ.ਸੀ ਦੇ ਮਤਿਆਂ ਅਨੁਸਾਰ ਪ੍ਰਵਾਨ ਕੀਤੀਆਂ Terms &conditions ਤੋ ਬਾਹਰ ਜਾ ਕੇ ਕੋਈ ਵੀ ਐਗਰੀਮੈਂਟ ਨਹੀਂ ਕੀਤਾ ਜਾ ਸਕਦਾ ।

(5) ਹਾਊਸ ਅਤੇ ਐਫ.ਐਫ.ਸੀ.ਸੀ ਵਲੋਂ ਸਫ਼ਾਈ ਦੇ ਸਾਰੇ ਕੰਮ ਰੋਜ਼ਾਨਾ ਕਰਨ ਤੇ ਪ੍ਰਵਾਨ ਕੀਤੇ ਰੇਟ 97000/-ਪ੍ਰਤੀ ਕਿਲੋਮੀਟਰ ਪ੍ਰਤੀ ਮਹੀਨਾ ਅਨੁਸਾਰ ਹੀ ਅਦਾਇਗੀ ਕਰਨੀ ਬਣਦੀ ਹੈ। ਇਸਦੇ ਨਾਲ ਜਿੰਨਾਂ ਕੰਮ ਰੋਜ਼ ਕੀਤਾ ਜਾਵੇ ਉਸ ਅਨੁਸਾਰ ਹੀ ਅਦਾਇਗੀ ਕਰਨੀ ਬਣਦੀ ਹੈ।

(6) ਕਲਾਜ਼ 1.1 (xi) ਵਿਚ ਸਕੋਪ ਆਫ਼ ਵਰਕ ਦਰਸਾਇਆ ਗਿਆ ਹੈ ਅਤੇ ਇਸ ਅਨੁਸਾਰ ਹੀ ਵੈਰੀਫਾਈ ਕਰਕੇ ਕਿਸੇ ਵੀ ਬਿੱਲ ਦੀ ਅਦਾਇਗੀ ਦੇਣੀ ਬਣਦੀ ਹੈ

(7) ਕਲਾਜ਼ 7.3 ਨੂੰ ਮੁੱਖ ਰਖਦੇ ਵੈਰੀਫਾਈ ਨਹੀਂ ਕੀਤਾ ਜਾ ਸਕਦਾ ਕਲਾਜ਼ 7.3 ਅਤੇ 1.1 (xi) ਅਤੇ ਪ੍ਰਵਾਨ ਕੀਤੇ ਮਤਿਆ ਅਨੁਸਾਰ ਹੀ ਵੈਰੀਫਾਈ ਕਰਨਾ ਬਣਦਾ ਹੈ। ਨਗਰ ਨਿਗਮ ਵਲੋਂ ਆਡਿਟ ਵਿਚ ਇਸ ਕੰਮ ਸਬੰਧੀ 88 ਲੱਖ ਰੁਪਏ ਦਾ ਬਿੱਲ ਅਦਾਇਗੀ ਲਈ ਭੇਜਿਆ ਗਿਆ ਸੀ ।ਨਿਮਨ ਹਸਤਾਖਰ ਵਲੋਂ ਦਿਤੇ ਗਏ ਰੇਟਾਂ ਸਬੰਧੀ ਕਲੈਰੀਫ਼ਿਕੇਸ਼ਨ ਮੰਗੀ ਗਈ ਹੈ। ਇਸ ਲਈ ਇਹ ਅਦਾਇਗੀ ਫਿਲਹਾਲ ਰੋਕ ਦਿੱਤੀ ਗਈ ਹੈ।

ਸੋ ਉਪਰੋਕਤ ਡੀ.ਸੀ.ਐਲ.ਏ. ਦੀ ਰਿਪੋਰਟ ਤੋਂ ਸਪਸ਼ਟ ਹੁੰਦਾ ਹੈ ਕਿ ਕੰਪਨੀ ਨਾਲ ਇਕਰਾਰਨਾਮਾ ਹਾਊਸ ਅਤੇ ਐਫ.ਐਂਡ ਸੀ.ਸੀ. ਵਲੋਂ ਪ੍ਰਵਾਨਤ ਮਤਿਆਂ ਤੋਂ ਬਾਹਰ ਜਾ ਕੇ ਕੀਤਾ ਗਿਆ ਹੈ । ਜਿੰਨਾ ਕੰਮ ਹੋਣਾ ਸੀ, ਉਨੀਂ ਹੀ ਪੇਮੈਂਟ ਬਣਦੀ ਹੈ। ਕੰਪਨੀ ਨੂੰ 11 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ ਅਤੇ ਕੰਮ ਸਿਰਫ 4 ਕਰੋੜ ਰੁਪਏ ਦਾ ਬਣਦਾ ਹੈ । ਇਸ ਤਰ੍ਹਾਂ ਇਸ ਕੰਮ ਵਿੱਚ ਲਗਭਗ 7 ਕਰੋੜ ਰੁਪਏ ਦੇ ਘਪਲੇ ਦਾ ਖ਼ਦਸ਼ਾ ਹੈ । ਇਸ ਲਈ ਜੇਕਰ ਹਾਊਸ ਸਹਿਮਤ ਹੋਵੇ ਤਾਂ ਹਾਲ ਦੀ ਘੜੀ ਕਮਿਸ਼ਨਰ ਨਗਰ ਨਿਗਮ ਜਲੰਧਰ ਪਾਸੋਂ ਇਸ ਸਬੰਧੀ ਰਿਪੋਰਟ ਲੈਣੀ ਯੋਗ ਹੋਵੇਗੀ ਜਿਸ ਤੇ ਸਮੂਹ ਹਾਊਸ ਵਲੋਂ ਇੱਕ ਮਤ ਨਾਲ ਇਸ ਦੀ ਮੰਜੂਰੀ ਦਿੱਤੀ ਗਈ । ਮੇਅਰ ਜੀ ਨੇ ਉਕਤ ਰਿਪੋਰਟ ਦੀ ਮਿਸਲ ਕਮਿਸ਼ਨਰ ਜੀ ਨੂੰ ਦੇ ਕੇ ਹਦਾਇਤ ਕੀਤੀ ਕਿ ਇਸ ਦੀ ਜਾਂਚ ਰਿਪੋਰਟ 15 ਦਿਨਾਂ ਦੇ ਅੰਦਰ ਅੰਦਰ ਪੇਸ਼ ਕੀਤੀ ਜਾਵੇ ਤਾਂ ਜ਼ੋ ਹਾਊਸ ਨੂੰ ਅਗਲੀ ਮੀਟਿੰਗ ਵਿੱਚ ਜਾਣੂ ਕਰਵਾਇਆ ਜਾ ਸਕੇ ।

ਸਹੀ/- ਜਗਦੀਸ਼ ਰਾਜ ਰਾਜਾ,
ਮੇਅਰ
25.6.2018

ਮਤਾ ਨੰਬਰ: 39

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 20.3.2018 ਦੀ ਕਾਰਵਾਈ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 20.3.2018 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 40

ਵਿਸ਼ਾ:- ਸੀਵਰ ਜੈਟਿੰਗ ਮਸ਼ੀਨ/ਰੋਡ ਰੋਲਰ/ਕਰੇਨ ਅਪਰੇਟਰ ਅਤੇ ਵਾਟਰ ਸਪਰਿੰਕਲ ਮਸ਼ੀਨਾ ਨੂੰ ਚਲਾਉਣ ਲਈ ਉਪਰੇਸ਼ਨ ਕੰਟਰੈਕਟਰ ਦਾ ਟੈਂਡਰ ਲਗਾਉਣ ਬਾਰੇ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨਿਅਰ (ਵਰਕਸ਼ਾਪ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਨਗਰ ਨਿਗਮ, ਜਲੰਧਰ ਵਿੱਚ ਇਸ ਸਮੇਂ ਸੀਵਰ ਜੈਟਿੰਗ ਮਸ਼ੀਨ/ਰੋਡ ਰੋਲਰ/ਕਰੇਨ ਅਪਰੇਟਰ ਅਤੇ ਵਾਟਰ ਸਪਰਿੰਕਲ ਮਸ਼ੀਨਾ ਆਦਿ ਕੰਮ ਕਰ ਰਹੀਆਂ ਹਨ। ਇਹਨਾਂ ਮਸ਼ੀਨਾ ਨੂੰ ਚਲਾਉਣ ਲਈ ਨਗਰ ਨਿਗਮ, ਜਲੰਧਰ ਪਾਸ ਸਪੇਅਰ ਅਤੇ ਤਜਰਬੇਕਾਰ ਡਰਾਇਵਰ ਨਹੀਂ ਹਨ। ਇਸ ਲਈ ਜਦੋਂ ਤੋਂ ਇਹਨਾਂ ਮਸ਼ੀਨਾ ਦੀ ਖਰੀਦ ਕੀਤੀ ਗਈ ਸੀ, ਉਸ ਸਮੇਂ ਤੋਂ ਹੀ ਕੰਟਰੈਕਟ ਤੇ ਉਪਰੇਟਰ ਰੱਖ ਕੇ ਇਨ੍ਹਾਂ ਮਸ਼ੀਨਾ ਨੂੰ ਚਲਵਾਇਆ ਜਾ ਰਿਹਾ ਹੈ। ਇਹਨਾਂ ਉਪਰੇਟਰਾਂ ਦਾ ਪਹਿਲਾਂ ਕੰਟਰੈਕਟ ਮਿਤੀ: 28-02-2018 ਨੂੰ ਖਤਮ ਹੋਣ ਵਾਲਾ ਹੈ। ਕਿਉਂ ਜੋ ਸ਼ਹਿਰ ਦੀ ਸਫਾਈ ਨੂੰ ਮੁੱਖ ਰੱਖਦੇ ਹੋਏ ਇਹਨਾ ਉਪਰੇਟਰਾਂ ਦਾ ਦੁਬਾਰਾ ਕੰਟਰੈਕਟ ਕਰਨਾ ਬਹੁਤ ਜਰੂਰੀ ਹੈ। ਇਹ ਕੰਟਰੈਕਟ 1 ਸਾਲ ਲਈ ਮਿਤੀ: 01-03-2018 ਤੋਂ 28-02-2019 ਤੱਕ ਕਰਨ ਦੀ ਤਜਵੀਜ ਹੈ। ਇਸ ਕੰਮ ਤੇ ਆਉਣ ਵਾਲੇ ਖਰਚੇ ਦਾ ਤਖਮੀਨਾ ਰੁਪਏ 13,98,324/- ਦਾ ਤਿਆਰ ਕੀਤਾ ਗਿਆ ਹੈ। ਜਿਸ ਅਨੁਸਾਰ ਇਸ ਉਪਰ ਪ੍ਰਤੀ ਮਹੀਨਾ ਰੁਪਏ 116527/- ਦਾ ਖਰਚਾ ਆਵੇਗਾ, ਇਹ ਕੰਮ ਪ੍ਰਵਾਨਗੀ ਹੋਣ ਉਪਰੰਤ 2 ਅਖਬਾਰਾਂ (ਹਿੰਦੀ ਅਤੇ ਪੰਜਾਬੀ) ਰਾਹੀ ਟੈਂਡਰ ਮੰਗਣ ਉਪਰੰਤ ਘੱਟ ਅਤੇ ਵਾਜਿਬ ਰੇਟਾਂ ਵਾਲੀ ਫਰਮ ਤੋਂ ਸਪੈਸੀਫਿਕੇਸ਼ਨ ਅਨੁਸਾਰ ਕਰਵਾਇਆ ਜਾਵੇਗਾ।ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਲੋੜੀਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 5.3.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 14.3.18 ਰਾਹੀਂ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 41

ਵਿਸ਼ਾ:- ਵਾਸ਼ਿੰਗ ਬੁਆਏ/ਕਰੇਨ ਹੈਲਪਰ/ਟਾਇਰਮੈਨ ਅਤੇ ਰੈਸਟ ਕੀਪਰ ਗੱਡੀਆ ਨੂੰ ਚਲਾਉਣ ਲਈ ਉਪਰੇਸ਼ਨ ਕੰਟਰੈਕਟਰ ਦਾ ਟੈਂਡਰ ਲਗਾਉਣ ਬਾਰੇ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨਿਅਰ (ਵਰਕਸ਼ਾਪ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਨਗਰ ਨਿਗਮ, ਜਲੰਧਰ ਵਿੱਚ ਇਸ ਸਮੇਂ ਲੱਗਭਗ 220 ਗੱਡੀਆਂ ਸ਼ਹਿਰ ਦੀ ਸਫਾਈ ਦੇ ਕੰਮ ਲਈ ਚਲਾਈਆਂ ਜਾ ਰਹੀਆਂ ਹਨ। ਇਹਨਾਂ ਗੱਡੀਆਂ ਨੂੰ ਚਲਾਉਣ ਲਈ ਨਗਰ ਨਿਗਮ, ਜਲੰਧਰ ਪਾਸ ਸਪੇਅਰ ਡਰਾਇਵਰ ਨਹੀਂ ਹਨ। ਇਸ ਦੇ ਨਾਲ ਹੀ ਨਗਰ ਨਿਗਮ ਦੀਆਂ ਗੱਡੀਆਂ ਨੂੰ ਧੋਣ ਲਈ ਵਾਸ਼ਿੰਗ ਬੁਆਏ ਅਤੇ ਟਾਇਰਮੈਨ ਵੀ ਕੰਟਰੈਕਟ ਤੇ ਰੱਖ ਕੇ ਇਸ ਕੰਮ ਨੂੰ ਚਲਵਾਇਆ ਜਾ ਰਿਹਾ ਹੈ।ਇਹਨਾਂ ਉਪਰੇਟਰਾਂ ਦਾ ਪਹਿਲਾਂ ਕੰਟਰੈਕਟ ਮਿਤੀ: 28-02-2018 ਨੂੰ ਖਤਮ ਹੋਣ ਵਾਲਾ ਹੈ।ਕਿਉਂ ਜੋ ਸ਼ਹਿਰ ਦੀ ਸਫਾਈ ਨੂੰ ਮੁੱਖ ਰੱਖਦੇ ਹੋਏ ਇਹਨਾ ਉਪਰੇਟਰਾਂ ਦਾ ਦੁਬਾਰਾ ਕੰਟਰੈਕਟ ਕਰਨਾ ਬਹੁਤ ਜਰੂਰੀ ਹੈ। ਇਸ ਦੇ ਸਬੰਧ ਵਿੱਚ ਇਹਨਾਂ ਦੇ ਉਪਰੇਸ਼ਨ ਕੰਟਰੈਕਟ ਮਿਤੀ: 01-03-2018 ਤੋਂ 28-02-2019 (1 ਸਾਲ) ਵਾਸਤੇ ਤਖਮੀਨਾ ਰੁਪਏ: 14,73,867/- ਤਿਆਰ ਕੀਤਾ ਗਿਆ ਹੈ, ਜਿਸ ਅਨੁਸਾਰ ਇਸ ਉਪਰ ਪ੍ਰਤੀ ਮਹੀਨਾ ਰੁਪਏ 1,22,822/- ਦਾ ਖਰਚਾ ਆਵੇਗਾ। ਇਹ ਕੰਮ ਪ੍ਰਵਾਨਗੀ ਹੋਣ ਉਪਰੰਤ 2 ਅਖਬਾਰਾਂ (ਹਿੰਦੀ ਅਤੇ ਪੰਜਾਬੀ) ਰਾਹੀ ਟੈਂਡਰ ਮੰਗਣ ਉਪਰੰਤ ਘੱਟ ਅਤੇ ਵਾਜਿਬ ਰੇਟਾਂ ਵਾਲੀ ਫਰਮ ਤੋਂ ਸਪੈਸੀਫਿਕੇਸ਼ਨ ਅਨੁਸਾਰ ਕਰਵਾਇਆ ਜਾਵੇਗਾ।ਕੰਮ ਜਰੂਰੀ ਹੋਣ ਕਰਕੇ ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ।ਕਮਿਸ਼ਨਰ ਜੀ ਨੇ ਮਿਤੀ 5.3.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 14.3.18 ਰਾਹੀਂ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 42

ਵਿਸ਼ਾ:– ਨਵੀਆਂ ਖਰੀਦ ਕੀਤੀਆਂ ਗਈਆਂ ਗੱਡੀਆਂ ਦੀ ਆਰ.ਸੀ. ਬਣਵਾਉਣ ਅਤੇ ਰੋਡ ਟੈਕਸ ਜਮ੍ਹਾਂ ਕਰਵਾਉਣ ਲਈ ਆਰਜੀ ਅਡਵਾਂਸ ਲੈਣ ਬਾਰੇ।

ਪੜ੍ਹਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਨਾਲ ਸੁਪਰਡੰਟ (ਵਰਕਸ਼ਾਪ) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ, ਜਲੰਧਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਵੱਖ-ਵੱਖ ਤਰ੍ਹਾਂ ਦੀਆਂ 19 ਨਵੀਆਂ ਗੱਡੀਆਂ ਦੀ ਖਰੀਦ ਕੀਤੀ ਗਈ ਸੀ, ਇਹਨਾਂ ਗੱਡੀਆਂ ਦਾ ਰੋਡ ਟੈਕਸ ਜਮ੍ਹਾਂ ਕਰਵਾਉਣਾ ਹੈ ਅਤੇ ਨਾਲ ਹੀ ਇਹਨਾਂ ਦੀ ਆਰ.ਸੀ. ਬਣਵਾਉਣੀ ਹੈ। ਇਸ ਉਪਰ ਲਗਭਗ ਰੁਪਏ 1,50,000/- ਦਾ ਖਰਚਾ ਆਵੇਗਾ।ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਇਹ ਰਕਮ ਪਹਿਲਾਂ ਅਦਾ ਕਰਨੀ ਪਵੇਗੀ। ਇਸ ਲਈ ਰੁਪਏ **1,50,000/-** ਬਤੌਰ ਆਰਜੀ ਅਡਵਾਂਸ ਲੈਣ ਦੀ ਮੰਜੂਰੀ ਦਿੱਤੀ ਜਾਵੇ। ਕੰਮ ਜਰੂਰੀ ਹੋਣ ਕਰਕੇ ਇਸ ਦੀ ਮੰਜੂਰੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਨਿਗਰਾਨ ਇੰਜੀਨੀਅਰ (ਵ) ਨੇ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 19.2.18 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 27.03.2018 ਰਾਹੀਂ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 43

ਵਿਸ਼ਾ:- ਜੇ.ਸੀ.ਬੀ. ਮਸ਼ੀਨਾ ਨੂੰ ਚਲਾਉਣ ਲਈ ਉਪਰੇਸ਼ਨ ਕੰਟਰੈਕਟਰ ਦਾ ਟੈਂਡਰ ਲਗਾਉਣ ਬਾਰੇ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਨਾਲ ਨਿਗਰਾਨ ਇੰਜੀਨਿਅਰ (ਵਰਕਸ਼ਾਪ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਨਗਰ ਨਿਗਮ, ਜਲੰਧਰ ਵਿੱਚ ਇਸ ਸਮੇਂ 14 ਜੇ.ਸੀ.ਬੀ. ਮਸ਼ੀਨਾ ਕੰਮ ਕਰ ਰਹੀਆਂ ਹਨ। ਇਹਨਾਂ ਮਸ਼ੀਨਾ ਨੂੰ ਚਲਾਉਣ ਲਈ ਨਗਰ ਨਿਗਮ, ਜਲੰਧਰ ਪਾਸ ਸਪੇਅਰ ਅਤੇ ਤਜੱਰਬੇਕਾਰ ਡਰਾਇਵਰ ਨਹੀ ਹਨ। ਇਸ ਲਈ ਜਦੋ ਤੋਂ ਇਹਨਾਂ ਮਸ਼ੀਨਾ ਦੀ ਖਰੀਦ ਕੀਤੀ ਗਈ ਸੀ, ਉਸ ਸਮੇਂ ਤੋਂ ਹੀ ਕੰਟਰੈਕਟ ਤੇ ਉਪਰੇਟਰ ਰੱਖ ਕੇ ਇਨ੍ਹਾਂ ਮਸ਼ੀਨਾ ਨੂੰ ਚਲਵਾਇਆ ਜਾ ਰਿਹਾ ਹੈ।ਇਹਨਾਂ ਉਪਰੇਟਰਾਂ ਦਾ ਪਹਿਲਾਂ ਕੰਟਰੈਕਟ ਮਿਤੀ: 28-02-2018 ਨੂੰ ਖਤਮ ਹੋਣ ਵਾਲਾ ਹੈ।ਕਿਉਂ ਜੋ ਸ਼ਹਿਰ ਦੀ ਸਫਾਈ ਨੂੰ ਮੁੱਖ ਰੱਖਦੇ ਹੋਏ ਇਹਨਾ ਉਪਰੇਟਰਾਂ ਦਾ ਦੁਬਾਰਾ ਕੰਟਰੈਕਟ ਕਰਨਾ ਬਹੁਤ ਜਰੂਰੀ ਹੈ। ਇਸ ਦੇ ਸਬੰਧ ਵਿੱਚ ਜੇ.ਸੀ.ਬੀ. ਮਸ਼ੀਨਾ ਦੇ ਉਪਰੇਸ਼ਨ ਕੰਟਰੈਕਟ ਮਿਤੀ: 01-03-2018 ਤੋਂ 28-02-2019 (1 ਸਾਲ) ਵਾਸਤੇ ਤਖਮੀਨਾ ਰੁਪਏ: 27,96,644/- ਤਿਆਰ ਕੀਤਾ ਗਿਆ ਹੈ, ਜਿਸ ਅਨੁਸਾਰ ਇਸ ਉਪਰ ਪ੍ਰਤੀ ਮਹੀਨਾ ਰੁਪਏ 2,33,054/- ਦਾ ਖਰਚਾ ਆਵੇਗਾ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਹ ਕੰਮ ਪ੍ਰਵਾਨਗੀ ਹੋਣ ਉਪਰੰਤ 2 ਅਖਬਾਰਾਂ (ਹਿੰਦੀ ਅਤੇ ਪੰਜਾਬੀ) ਰਾਹੀ ਟੈਂਡਰ ਮੰਗਣ ਉਪਰੰਤ ਘੱਟ ਅਤੇ ਵਾਜਿਬ ਰੇਟਾਂ ਵਾਲੀ ਫਰਮ ਤੋਂ ਸਪੈਸੀਫਿਕੇਸ਼ਨ ਅਨੁਸਾਰ ਕਰਵਾਇਆ ਜਾਵੇਗਾ।ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 5.3.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਨਯੋਗ ਮੇਅਰ ਜੀ ਨੇ ਮਿਤੀ 14.3.18 ਰਾਹੀਂ ਉਕਤ ਤਜ਼ਵੀਜ਼ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਹਾਊਸ ਵਿਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ:-44

ਵਿਸ਼ਾ: ਵਿੱਤ ਅਤੇ ਠੇਕਾ ਕਮੇਟੀ ਦੇ ਗਠਨ ਸਬੰਧੀ ਸੂਚਨਾ ਦੇਣ ਬਾਰੇ ।

ਹਵਾਲਾ: ਨਗਰ ਨਿਗਮ ਜਲੰਧਰ ਦੇ ਮਤਾ ਨੰ: 32 ਮਿਤੀ 5.3.2018 ਦੇ ਸਬੰਧ ਵਿੱਚ ।

ਪੜਿਆ ਨੋਟ ਅਜੰਡਾ ਸੁਪਰਡੰਟ ਮਿਤੀ 23.4.2018 ਕਿ ਹਵਾਲੇ ਅਧੀਨ ਮਤੇ ਰਾਹੀਂ ਨਗਰ ਨਿਗਮ ਹਾਊਸ ਨੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 42(4) ਤਹਿਤ ਵਿੱਤ ਅਤੇ ਠੇਕਾ ਕਮੇਟੀ ਤੇ ਇਸੇ ਧਾਰਾ ਤਹਿਤ ਬਾਕੀ ਦੀਆਂ ਕਮੇਟੀਆਂ ਗਠਤ ਕਰਨ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਨਗਰ ਨਿਗਮ ਜਲੰਧਰ ਜੀ ਨੂੰ ਦਿੱਤਾ ਸੀ ।

ਮਾਨਯੋਗ ਮੇਅਰ ਨਗਰ ਨਿਗਮ ਜਲੰਧਰ ਜੀ ਨੇ ਮਿਤੀ 20.4.2018 ਰਾਹੀਂ ਹਾਊਸ ਦੇ ਹਵਾਲੇ ਅਧੀਨ ਮਤੇ ਰਾਹੀਂ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠ ਅਨੁਸਾਰ ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦਾ ਗਠਨ ਕੀਤਾ ਹੈ:

1. ਮੇਅਰ, ਚੇਅਰਮੈਨ
2. ਕਮਿਸ਼ਨਰ, ਨਗਰ ਨਿਗਮ ਜਲੰਧਰ
3. ਸੀਨੀਅਰ ਡਿਪਟੀ ਮੇਅਰ
4. ਡਿਪਟੀ ਮੇਅਰ
5. ਸ੍ਰੀ ਗਿਆਨ ਚੰਦ, ਕੌਂਸਲਰ, ਵਾਰਡ ਨੰ: 70
6. ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ, ਵਾਰਡ ਨੰ: 68

ਉਕਤ ਸੂਚਨਾ ਸਬੰਧਤ ਮੈਂਬਰ ਸਾਹਿਬਾਨ ਨੂੰ ਦਫ਼ਤਰੀ ਪੱਤਰ ਨੰ: 1826-27/ਐਸ.ਏ. ਮਿਤੀ 23.4.2018 ਰਾਹੀਂ ਭਿਜਵਾ ਦਿੱਤੀ ਗਈ ਹੈ ।ਉਕਤ ਸੂਚਨਾ ਹਾਊਸ ਦੀ ਜਾਣਕਾਰੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਹੈ ।ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 23.4.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 25.4.2018 ਰਾਹੀਂ ਵਿੱਤ ਅਤੇ ਠੇਕਾ ਕਮੇਟੀ ਦੇ ਗਠਨ ਸਬੰਧੀ ਸੂਚਨਾ ਹਾਊਸ ਵਿਚ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ:-45

ਵਿਸ਼ਾ: ਮਹਾਤਮਾ ਗਾਂਧੀ ਇੰਸਟੀਚਿਊਟ ਵਲੋਂ ਮੇਅਰ/ਪ੍ਰਧਾਨ/ਕਾਊਂਸਲਰ ਦੀ ਟ੍ਰੇਨਿੰਗ ਸਬੰਧੀ ।

ਹਵਾਲਾ: ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਦੇ ਪੱਤਰ ਨੰ: 5/123/2017-2ਸਸ4/1014-1016 ਮਿਤੀ 17.4.2018, ਉਪਰੋਕਤ ਵਿਸ਼ੇ ਸਬੰਧੀ ।

ਪੜ੍ਹਿਆ ਨੋਟ ਅਜੰਡਾ ਸੁਪਰਡੰਟ ਕਿ ਹਵਾਲੇ ਅਧੀਨ ਪੱਤਰ ਰਾਹੀਂ ਮਾਨਯੋਗ ਡਾਇਰੈਕਟਰ ਜਨਰਲ, ਮਗਸੀਪਾ ਵਲੋਂ ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਜੀ ਨੂੰ ਲਿਖੇ ਅੱਧ-ਸਰਕਾਰੀ ਪੱਤਰ ਦਾ ਹਵਾਲਾ ਦਿੰਦਿਆਂ ਲਿਖੇ ਅਨੁਸਾਰ ਮਗਸੀਪਾ ਵਲੋਂ ਆਪਣੇ ਰੀਜ਼ਨਲ ਸੈਂਟਰਾਂ ਵਿੱਚ ਇੱਕ ਦਿਨ ਦਾ ਟ੍ਰੇਨਿੰਗ ਪ੍ਰੋਗਰਾਮ ਕਾਊਂਸਲਰਾਂ ਲਈ ਕਰਵਾਏ ਜਾਣ ਦੀ ਤਜ਼ਵੀਜ਼ ਕੀਤੀ ਹੈ ਜਿਸ ਵਿੱਚ ਹੇਠ ਅਨੁਸਾਰ ਮੁੱਦੇ ਰੱਖੇ ਜਾਣਗੇ :

1. Citizen-centric Duties of the Urban Local Body.
2. Role of Mayor in Urban Local Body.
3. Right and duties of a Councillor.
4. Salient provisions of Municipal law.
5. Business Bye-Laws of Urban Local Body.
6. Resource Mobilization and optimization of expenditure.
7. Conflict of Interest and Accountability.

ਇਸ ਇੱਕ ਦਿਨਾਂ ਟ੍ਰੇਨਿੰਗ ਪ੍ਰੋਗਰਾਮ ਲਈ ਪ੍ਰਤੀ ਵਿਅੱਕਤੀ 1500/- ਰੁਪਏ ਮਗਸੀਪਾ ਵਲੋਂ ਲਏ ਜਾਣਗੇ।ਨਗਰ ਨਿਗਮ ਜਲੰਧਰ ਦੇ ਕਾਉਂਸਲਰਾਂ ਨੂੰ ਇਹ ਟ੍ਰੇਨਿੰਗ ਪ੍ਰੋਗਰਾਮ ਤੇ ਭੇਜਣ ਤੇ 1500×80= 1,20,000/- ਖਰਚ ਆਵੇਗਾ ਜਿਸ ਦੀ ਮੰਜ਼ੂਰੀ ਨਗਰ ਨਿਗਮ ਹਾਊਸ ਤੋਂ ਲੈਣੀ ਪਵੇਗੀ ਅਤੇ ਸਰਕਾਰ ਪਾਸੋਂ ਵੀ ਇਹ ਖਰਚਾ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 82(3) ਤਹਿਤ ਨਗਰ ਨਿਗਮ ਦੇ ਫੰਡਾਂ ਤੇ ਜਾਇਜ਼ ਬੋਝ ਕਰਾਰ ਦੇਣਾ ਪਵੇਗਾ ।ਜਿਸ ਲਈ ਇਹ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ਨਾਲ ਹੀ ਜੇਕਰ ਹਾਊਸ ਇਸ ਖ਼ਰਚੇ ਨੂੰ ਮੰਜੂਰ ਕਰਦਾ ਹੈ ਤਾਂ ਸਰਕਾਰ ਨੂੰ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਜਵਾਬ/ਟਿੱਪਣੀ ਭੇਜ਼ਣ ਲਈ ਯੋਗ ਦਿਸ਼ਾ-ਨਿਰਦੇਸ਼ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 26.4.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 26.4.2018 ਰਾਹੀਂ ਤਜ਼ਵੀਜ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ:–46

ਵਿਸ਼ਾ:– ਨਗਰ ਨਿਗਮ ਜਲੰਧਰ ਵਿੱਚ AAdhar Enabled Biometric Attendance System (AEBAS) ਦੀ ਖਰੀਦ ਕਰਨ ਸਬੰਧੀ।

ਪੜ੍ਹਿਆ ਨੋਟ ਸਿਸਟਮ ਮੈਨੇਜਰ ਮਿਤੀ: 20.03.2018 ਵੱਲੋਂ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਰਕਾਰ ਦੇ ਪੱਤਰ ਨੰਬਰ EIC-2017/53279-94 ਮਿਤੀ 11/09/2017, E.I.C-2017/78183-198 ਮਿਤੀ 22.12.2017 ਰਾਹੀਂ ਸਮੂਹ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ–ਆਪਣੇ ਅਧਿਕਾਰੀਆਂ/ਕਰਮਚਾਰੀਆਂ ਦੀ ਰੋਜਾਨਾ ਦੀ ਹਾਜਰੀ Aadhar Enabled Biometric Attendance System (AEBAS) ਰਾਹੀਂ ਲਗਾਉਣ ਦਾ ਉਪਬੰਧ ਕਰਨਾ ਯਕੀਨੀ ਬਨਾਉਣ। ਸਰਕਾਰ ਦੀਆਂ ਇਹਨਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਭਾਵ Aadhar Enabled Biometric Attendance System (AEBAS) ਨੂੰ ਲਾਗੂ ਕਰਨ ਲਈ ਨਗਰ ਨਿਗਮ ਦੀ ਅਮਲਾ ਸ਼ਾਖਾ ਵੱਲੋ ਸਾਰੇ ਕਰਮਚਾਰੀਆਂ/ਅਧਿਕਾਰੀਆਂ ਦਾ ਵੇਰਵਾ ਭਾਰਤ ਸਰਕਾਰ ਵੱਲੋ ਬਣਾਏ ਗਏ ਪੋਰਟਲ **http://pbdlg.attendance.gov.in/** ਵਿੱਚ ਇੰਦਰਾਜ ਕੀਤਾ ਜਾ ਰਿਹਾ ਹੈ। ਲਗਭਗ 75% ਡਾਟਾ ਅਪਲੋਡ ਹੋ ਚੁੱਕਾ ਹੈ। ਇਸ ਸਿਸਟਮ ਨੂੰ ਲਾਗੂ ਕਰਨ ਲਈ ਮਸ਼ੀਨਾਂ ਦੀ ਖਰੀਦ ਕੀਤੀ ਜਾਣੀ ਹੈ। ਸਰਕਾਰ ਵੱਲੋ ਹਦਾਇਤ ਹੋਈ ਹੈ ਕਿ ਇਸ ਦੀ ਖਰੀਦ GeM(Government e-Market) ਪੋਰਟਲ ਰਾਹੀਂ ਕੀਤੀ ਜਾਵੇ। ਇਥੇ ਦੱਸਣਯੋਗ ਹੈ ਕਿ ਨਗਰ ਨਿਗਮ ਦੀ GeM ਪੋਰਟਲ ਤੇ ਹਾਲੇ ਰਜਿਸਟਰੇਸ਼ਨ ਨਹੀਂ ਹੋਈ ਹੈ। ਮਾਨਯੋਗ ਪ੍ਰਮੁੱਖ ਸਕੱਤਰ ਜੀ ਨਾਲ ਕਮਿਸ਼ਨਰ ਨਗਰ ਨਿਗਮ ਜਲੰਧਰ ਦੀ **ਮਿਤੀ: 12.03.2018** ਨੂੰ ਵੀ.ਸੀ. ਰਾਹੀਂ ਅਮਰੂਤ ਪ੍ਰੋਜੇਕਟ ਦੇ ਸਬੰਧ ਵਿੱਚ ਹੋਈ ਮੀਟਿੰਗ ਵਿੱਚ Aadhar Enabled Biometric Attendance System (AEBAS) ਨੂੰ ਲਾਗੂ ਕਰਨ ਅਤੇ ਮਸ਼ੀਨਾਂ ਦੀ ਖਰੀਦ ਕਰਨ ਸਬੰਧੀ ਵਿਚਾਰ–ਵਟਾਂਦਰਾ ਕੀਤਾ ਗਿਆ। ਸਥਾਨਕ ਸਰਕਾਰ ਦੇ ਪੱਤਰ ਨੰ: PMIDC/2018/2487-98 ਮਿਤੀ : 20.03.2018 ਅਨੁਸਾਰ ਮਾਨਯੋਗ ਪ੍ਰਮੁੱਖ ਸਕੱਤਰ ਜੀ ਵੱਲੋ ਇਹ ਫੈਸਲਾ ਕੀਤਾ ਗਿਆ ਕਿ : Online Bio-Metric Attendance System:-

"Each ULB shall install and use AAdhar based Bio-Metric attendance system. It was also appraised that if the machines are not avaible on Gem Portal or procurement through GEM is taking time then ULBs can procure the machines from other sources at Gem Portal after following due procedure".

ਇੱਥੇ ਇਹ ਦੱਸਣ ਯੋਗ ਹੈ ਕਿ ਦੂਸਰੇ ਨਗਰ ਨਿਗਮਾਂ ਤੋਂ ਪਤਾ ਕੀਤਾ ਗਿਆ ਕਿ GeM ਪੋਰਟਲ ਤੇ ਖਰੀਦ ਕਰਨ ਤੇ ਲਗਭਗ 25–30 ਦਿਨਾਂ ਦਾ ਸਮਾਂ ਲਗ ਜਾਂਦਾ ਹੈ। ਕਿਉ ਜ਼ੋ ਸਰਕਾਰ ਵਲੋਂ 31.03.2018 ਤੱਕ ਇਸ ਨੂੰ ਸ਼ੁਰੂ ਕਰਨ ਦੀ ਹਿਦਾਇਤ ਕੀਤੀ ਗਈ ਹੈ ਇਸ ਲਈ ਇਸ ਦੀ ਖਰੀਦ ਕਰਨ ਲਈ GeM ਪੋਰਟਲ ਅਤੇ ਮਾਰਕੀਟ ਤੋਂ ਸਰਵੇ ਕਰਨ ਤੇ ਇਹ ਪਤਾ ਚਲਿਆ ਹੈ ਕਿ Matrix make ਨਾਮ ਦੀ ਕੰਪਨੀ ਹੈ, ਜ਼ੋ ਕਿ AAdhar Based STQC Approved Finger Print and RF Card Linux based Biometric System ਬਣਾਉਂਦੀ ਹੈ। ਇਸ ਕੰਪਨੀ ਦੀ GeM ਪੋਰਟਲ ਤੇ ਰਜਿਸਟਰੇਸ਼ਨ ਵੀ ਹੈ। ਇਸ ਕੰਪਨੀ ਨੇ ਆਪਣੀ ਕੁਟੇਸ਼ਨ ਮਿਤੀ: 13.03.2018 ਰਾਹੀਂ ਹੇਠ ਲਿਖੇ ਅਨੁਸਾਰ ਦਿੱਤੀ ਹੈ:–

Sr. No.	Description	Qty	Rate Per Unit	Total Price
1.	Matrix make Aadhaar based STQC approved Fingerprint and RF card based Biometric system with Touch screen , PoE,Wi-Fi and IP65 ratings with access Card Reader COSEC VEGA FAXQ • STQC Approved Optical Fingerprint and Card Based Reader (Card Module is included) • Support EM Prox, Mifare Smart and HID iClass Card Module • 3.5" Touch Screen, PoE, IP65 and Wi-Fi	03	26155	78465
2.	MIFARE Smart Card	01	64	Optional
3.	Metal Box for Aadhaar System	03	1000	3000
4.	Installation Charges	03	Including	
5.	One Year Product Warranty	03	Including	
6.	Wire, Wiring and other material	03	Extra	
7.	GST18%	03	Including	
			TOTAL	**81465**

- Matrix is the Sole Manufacture of the Linux based Aadhaar enabled biometric attendance machine.
- Matrix is listed on GEM portal and they will provide the machine at the same rate.
- Matrix machine is the only one Linux based machine.

ਉਪਰੋਕਤ ਕੰਪਨੀ ਇਕੋ ਹੀ ਹੈ ਜ਼ੋ Linux based AAdhar Enabled Biometric System ਬਣਾਦੀ ਹੈ।ਇਸ ਲਈ Matrix ਕੰਪਨੀ ਇੱਕ-ਅਧਿਕਾਰ ਕੰਪਨੀ ਹੈ।ਮਿਉਂਸਿਪਲ ਅਕਾਂਉਂਟ ਕੋਡ ਦੇ Punjab Financial Rules, Appendix-8 rule 18 (b) ਦੇ ਹੇਠ ਲਿਖੇ ਅਨੁਸਾਰ :-

"By obtaining tenders from one firm in case of articles of proprietary nature (single tender system) available from one source- Articles of proprietary nature shall be purchased according to financial powers delegated to officers after obtaining a certificate from the manufactures or **sole agents** that the rates quoted by them are identical to those approved by the Director General of Supplies and Disposals or they would quote to that Organization or to any other State in the Country."

ਇਸ ਤੋਂ ਇਲਾਵਾ ਇਹ ਵੀ ਦੱਸਣਯੋਗ ਹੈ ਕਿ ਉਕਤ ਮਸ਼ੀਨਾਂ ਨੂੰ ਇੰਟਰਨੇਟ ਦੀ ਜਰੂਰਤ ਹੈ।ਕਿਉਜ਼ੋ ਇਸ ਵਿੱਚ ਹਾਜਰੀ ਦੀ ਰਿਅਲ ਟਾਈਮ ਅਪਡੇਸ਼ਨ ਭਾਰਤ ਸਰਕਾਰ ਵੱਲੋ ਬਣਾਏ ਗਏ ਪੋਰਟਲ **http://pbdlg.attendance.gov.in/** ਵਿੱਚ ਹੋਣੀ ਹੈ। ਇਸ ਲਈ ਇਸ ਨੂੰ ਇੰਟਰਨੇਟ ਨਾਲ ਜ਼ੋੜਿਆ ਜਾਣਾ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਜੇਕਰ ਆਪ ਜੀ ਸਹਿਮਤ ਹੋਵੋ ਤਾਂ ਪਹਿਲੇ ਫੇਜ਼ ਵਿੱਚ ਨਗਰ ਨਿਗਮ ਜਲੰਧਰ ਦੇ ਮੇਨ ਦਫਤਰ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਹਾਜਰੀ ਨੂੰ AAdhar Enabled Biometric Attendance System (AEBAS) ਨਾਲ ਤਿੰਨ ਮਸ਼ੀਨਾਂ ਲਗਾਕੇ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਦੀ ਖਰੀਦ ਕਰਨ ਲਈ ਰੁਪਏ 81465/- ਖਰਚ ਆਉਣ ਦੀ ਅਨੁਮਾਨਤ ਹੈ।

ਉਕਤ ਸਿਸਟਮ ਨੂੰ ਸ਼ੁਰੂ ਕਰਨ ਲਈ ਇੰਟਰਨੇਟ ਦੀ ਸੁਵਿਧਾ ਦੇਣ ਅਤੇ Matrix ਕੰਪਨੀ ਦੇ M/s Rasnal Talecom, Chandigarh ਤੋ ਰਕਮ 81465/- ਰੁਪਏ ਦੀ ਖਰੀਦ ਕਰਨ ਦੀ ਪ੍ਰਵਾਨਗੀ ਅਤੇ ਉਸ ਉਪਰੰਤ ਇਸ ਦੀ ਅਦਾਇਗੀ ਦੀ ਮੰਜੂਰੀ ਵੀ ਦਿੱਤੀ ਜਾਵੇ ਤਾਂ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਹਿੱਤ ਉਕਤ ਸਿਸਟਮ ਨੂੰ ਲਾਗੂ ਕੀਤਾ ਜਾ ਸਕੇ , ਕਿਉਜ਼ੋ ਇਹ ਕੰਮ ਸਰਕਾਰ ਦੀਆਂ ਹਦਾਇਤਾਂ ਅਨੁਸਾਰ 31.03.2018 ਤੱਕ ਸ਼ੁਰੂ ਕੀਤਾ ਜਾਣਾ ਹੈ।ਇਸ ਲਈ ਨਗਰ ਨਿਗਮ ਹਾਉਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸੰਯੁਕਤ ਕਮਿਸ਼ਨਰ ਨੇ ਮਿਤੀ: 28.03.2018 ਉਪਰੋਕਤ ਅਨੁਸਾਰ ਇਹ ਕੰਮ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸ਼ਿਫਾਰਿਸ਼ ਕੀਤੀ ਹੈ। ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28.03.2018 ਨੂੰ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 28.03.2018 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ:-47

ਵਿਸ਼ਾ:- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਨਿਗਮ ਜਲੰਧਰ ਵਿੱਚ AAdhar Enabled Biometric Attendance System (AEBAS) ਨੂੰ ਲਾਗੂ ਕਰਨ ਸਬੰਧੀ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 11.04.2018 ਵੱਲੋ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਰਕਾਰ ਦੇ ਪ੍ਰੋਜੇਕਟ ਅਮਰੂਤ ਰਿਫਾਰਮ ਤਹਿਤ ਨਗਰ ਨਿਗਮ ਜਲੰਧਰ ਵਿੱਚ Aadhar Enabled Biometric Attendance System (AEBAS) ਨੂੰ ਲਾਗੂ ਕਰਨ ਲਈ ਪਹਿਲੇ ਫੇਜ਼ ਵਿੱਚ ਨਗਰ ਨਿਗਮ ਜਲੰਧਰ ਦੇ ਮੇਨ ਦਫਤਰ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਹਾਜਰੀ ਨੂੰ AAdhar Enabled Biometric Attendance System (AEBAS) ਨਾਲ ਤਿੰਨ ਮਸ਼ੀਨਾਂ ਦੀ ਤਜਵੀਜ ਤਿਆਰ ਕੀਤੀ ਗਈ ਸੀ। ਜਿਸ ਦੀ **ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 28.03.2018 ਰਾਹੀਂ** ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਸੀ। ਇਹ ਤਜਵੀਜ ਨਗਰ ਨਿਗਮ ਹਾਊਸ ਦੀ ਅੰਤਿਮ ਪ੍ਰਵਾਨਗੀ ਹਿੱਤ ਭੇਜੀ ਗਈ ਹੈ। ਇਥੇ ਇਹ ਦੱਸਣਯੋਗ ਹੈ ਕਿ ਇਹ ਮਸ਼ੀਨਾਂ Matrix ਕੰਪਨੀ ਦੇ M/s Rasnal Talecom, Chandigarh ਜ਼ੋ ਕਿ ਇਹ ਕੰਪਨੀ ਇਕੋ ਹੀ ਹੈ ਜ਼ੋ Linux based AAdhar Enabled Biometric System ਬਣਾਦੀ ਹੈ ਅਤੇ ਇਸ ਦੇ ਰੇਟ Gem Portal ਤੇ ਵੀ ਰਜਿਸਟਰਡ ਹੈ। ਇਸ ਲਈ Matrix ਕੰਪਨੀ ਇੱਕ-ਅਧਿਕਾਰਤ ਕੰਪਨੀ ਤੋਂ ਇਸ ਦੀ ਖਰੀਦ ਕੀਤੀ ਗਈ ਸੀ।

ਇਥੇ ਇਹ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਦੇ ਮੇਨ ਦਫਤਰ ਵਿੱਚ ਲਗਭਗ 300 ਅਧਿਕਾਰੀ/ਕਰਮਚਾਰੀ ਕੰਮ ਕਰ ਰਹੇ ਹਨ। ਜਦੋ ਉਹਨਾਂ ਵੱਲੋ ਇਹਨਾਂ ਤਿੰਨ ਮਸ਼ੀਨਾਂ ਤੇ ਆਪਣੀ ਹਾਜਰੀ ਲਗਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ।ਉਸ ਵਿੱਚ **ਤਕਨੀਕੀ ਤੋਰ** ਤੇ ਕਰਮਚਾਰੀਆਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਕਰਮਚਾਰੀਆਂ/ ਅਧਿਕਾਰੀਆਂ ਵੱਲੋ ਇਹ ਇਤਰਾਜ ਲਗਾਇਆ ਗਿਆ ਕਿ ਇਸ ਮਸ਼ੀਨ ਵਿੱਚ ਹਰ ਬਾਰੀ ਕਰਮਚਾਰੀ ਦਾ ਆਧਾਰ ਨੰਬਰ ਪਾਣਾ ਪੈਂਦਾ ਹੈ ਅਤੇ ਉਸ ਤੋਂ ਬਾਅਦ ਅੰਗੂਠਾ/ਉਗਲੀ ਦਾ ਨਿਸ਼ਾਨ ਲਗਾਉਣਾ ਪੈਂਦਾ ਹੈ, ਜਿਸ ਤੇ ਬਹੁਤ ਸਮਾਂ ਲਗਦਾ ਹੈ। ਇਸ ਤੋਂ ਇਲਾਵਾ ਕਰਮਚਾਰੀਆਂ/ਅਧਿਕਾਰੀਆਂ ਵੱਲੋ ਘੱਟ ਮਸ਼ੀਨਾਂ ਹੋਣ ਦਾ ਵੀ ਇਤਰਾਜ ਕੀਤਾ ਗਿਆ। ਇਸ ਸਬੰਧ ਵਿੱਚ Matrix ਕੰਪਨੀ ਦੇ M/s Rasnal Talecom, Chandigarh ਨਾਲ ਗੱਲਬਾਤ ਕੀਤੀ ਗਈ, ਕੰਪਨੀ ਵੱਲੋ ਦੱਸਿਆ ਗਿਆ ਕਿ ਇੱਕ ਮਸ਼ੀਨ ਦੇ ਪਿੱਛੇ 50 ਕਮਰਚਾਰੀ ਹਾਜਰੀ ਲਗਾ ਸਕਦੇ ਹਨ ਅਤੇ ਜਿਥੋ ਤੱਕ ਹਰ ਬਾਰੀ ਆਧਾਰ ਨੰਬਰ ਪਾਣਾ ਨਾ ਪਵੇ ਉਸ ਲਈ ਕੰਪਨੀ ਵੱਲੋ MIFARE Smart Card ਦੀ ਤਜਵੀਜ ਦਿੱਤੀ ਗਈ ਹੈ। ਉਕਤ ਤਜਵੀਜ ਮਿਤੀ: 20.03.2018 ਦੀ ਲਗਾਤਾਰਤਾ ਅਨੁਸਾਰ Matrix ਕੰਪਨੀ ਦੇ M/s Rasnal Talecom, Chandigarh ਵੱਲੋ ਦਿੱਤੀ ਕੁਟੇਸ਼ਨ ਮਿਤੀ: 13.03.2018 (Matrix make Aadhaar based machine @ 26155/- each, Metal Box for Aadhaar System@ Rs. 1000/- each, MIFARE Smart Card Rs. 64/- each) ਦਾ ਤਖਮੀਨਾ ਪ੍ਰਵਾਨ ਕੀਤਾ ਗਿਆ ਸੀ।

ਉਕਤ ਤਜਵੀਜ ਮਿਤੀ: 20.03.2018 ਦੀ ਲਗਾਤਾਰਤਾ ਅਨੁਸਾਰ ਨਗਰ ਨਿਗਮ ਜਲੰਧਰ ਦੇ ਮੇਨ ਦਫਤਰ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਹਾਜਰੀ ਨੂੰ AAdhar Enabled Biometric Attendance System (AEBAS) ਸੁਚਾਰੂ ਢੰਗ ਨਾਲ ਚਲਾਉਣ ਲਈ ਹੇਠ ਲਿਖੇ ਅਨੁਸਾਰ ਪਹਿਲੇ ਫੇਸ ਵਿੱਚ ਹੋਰ ਮਸ਼ੀਨਾਂ, ਬਾਕਸ ਅਤੇ ਕਾਰਡ ਦੀ ਖਰੀਦ ਕੀਤੀ ਜਾਣੀ ਹੈ।

Sr. No.	Description	Qty	Rate Per Unit	Total Price
1.	Matrix make Aadhaar based STQC approved Fingerprint	03	26155	78465
2.	MIFARE Smart Card	400	64	25600
3.	Metal Box for Aadhaar System	03	1000	3000
			TOTAL	**107065**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮਾਂ ਬੱਧ ਸ਼ੁਰੂ ਕਰਨ ਲਈ Matrix ਕੰਪਨੀ ਦੇ M/s Rasnal Talecom, Chandigarh ਤੋਂ ਰਕਮ 107065/- ਰੁਪਏ ਦੀ ਉਕਤ ਸਮਾਨ ਦੀ ਖਰੀਦ ਕਰਨ ਦੇ ਖਰਚੇ ਨੂੰ ਨਗਰ ਨਿਗਮ ਹਾਉਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਨਜੂਰ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸੰਯਕੁਤ ਕਮਿਸ਼ਨਰ ਨੇ ਮਿਤੀ: 12.04.2018 ਉਪਰੋਕਤ ਅਨੁਸਾਰ ਇਹ ਕੰਮ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸ਼ਿਫਾਰਿਸ਼ ਕੀਤੀ ਹੈ। ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 12.04.2018 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 23.4.2018 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,

25.6.2018

ਮਤਾ ਨੰਬਰ:-48

ਵਿਸ਼ਾ:- ਦਫਤਰੀ ਵਰਤੋ ਲਈ ਵਿਭਾਗ ਦੇ ਮੁੱਖੀਆਂ ਲਈ ਕੰਮਪਿਊਟਰ ਨੋਟਬੁਕ/ਲੈਪਟੋਪ ਦੀ ਖਰੀਦ ਕਰਨ ਸਬੰਧੀ ਤਜਵੀਜ।

ਪੜ੍ਹਿਆ ਨੋਟ ਸਿਸਟਮ ਮੈਨੈਜਰ ਮਿਤੀ 24.4.2018 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਕੰਮਪਿਊਟਰ ਸੈਲ ਨੂੰ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਜੀ ਵੱਲੋਂ ਪੰਜਾਬ ਸਰਕਾਰ ਡਿਪਾਰਟਮੈਂਟ ਆਫ ਗਵਰਨੇਸ ਰਿਫਾਰਮ ਵਿਭਾਗ, ਚੰਡੀਗੜ੍ਹ ਮਿਤੀ: 20.06.2013 ਵੱਲੋ ਜਾਰੀ ਅਫਸਰਾਂ ਲਈ ਲੈਪਟੋਪ ਦੀ ਖਰੀਦ ਕਰਨ ਸਬੰਧੀ ਪਾਲਸੀ ਦੇ ਕੇ ਦਫਤਰੀ ਵਰਤੋਂ ਲਈ ਮਾਨਯੋਗ ਕਮਿਸ਼ਨਰ, ਵਧੀਕ ਕਮਿਸ਼ਨਰ, ਸੰਯੁਕਤ ਕਮਿਸ਼ਨਰ, ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ), ਨਿਗਰਾਨ ਇੰਜ਼ੀਨੀਅਰ (ਓ.ਐਂਡ.ਐਮ) ਲਈ ਪੰਜ ਕੰਮਪਿਊਟਰ ਨੋਟ ਬੁੱਕ/ਲੈਪਟੋਪ ਦੀ ਖਰੀਦ ਕਰਨ ਦੀ ਤਜਵੀਜ ਬਣਾਉਣ ਦੀ ਹਦਾਇਤ ਕੀਤੀ ਗਈ ਹੈ। ਉਹਨਾ ਵੱਲੋਂ ਕਿਹਾ ਗਿਆ ਕਿ ਕਈ ਬਾਰ ਦਫਤਰੀ ਮੀਟਿੰਗ ਨੂੰ ਅਟੈਂਡ ਕਰਨ ਲਈ ਉਕਤ ਅਧਿਕਾਰੀਆਂ ਨੂੰ ਚੰਡੀਗੜ੍ਹ, ਨਵੀ ਦਿੱਲੀ ਅਤੇ ਹੋਰ ਕਈ ਥਾਂਵਾ ਤੇ ਜਾਣਾ ਪੈਂਦਾ ਹੈ। ਉਸ ਸਮੇਂ ਇੰਟਰਨੈਟ ਤੇ ਕੰਮ ਕਰਨ ਲਈ ਕੰਮਪਿਊਟਰ ਨੋਟ ਬੁੱਕ/ਲੈਪਟੋਪ ਦੀ ਬਹੁਤ ਜਰੂਰਤ ਪੈਂਦੀ ਹੈ ਅਤੇ ਕਾਫੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਪਾਲਸੀ ਵਿੱਚ ਹੇਠ ਲਿਖੇ ਅਨੁਸਾਰ ਹਦਾਇਤਾਂ ਦਿੱਤੀਆ ਗਈਆ ਹਨ:-

- ਵਿਭਾਗਾਂ ਦੇ ਮੁੱਖੀ ਲਈ ਕੰਮਪਿਊਟਰ ਨੋਟ ਬੁੱਕ/ਲੈਪਟੋਪ ਦੀ ਖਰੀਦ ਕੀਤੀ ਜਾ ਸਕਦੀ ਹੈ।
- ਕੰਮਪਿਊਟਰ ਨੋਟ ਬੁੱਕ/ਲੈਪਟੋਪ ਦਾ ਖਰਚਾ ਪ੍ਰਤੀ 75000/- ਰੁਪਏ ਫਿਕਸ ਕੀਤਾ ਗਿਆ ਹੈ।
- ਕੰਮਪਿਊਟਰ ਨੋਟ ਬੁੱਕ/ਲੈਪਟੋਪ ਅੰਤਰਰਾਸਟਰੀ ਪੱਧਰ ਦਾ ਹੋਣਾ ਚਾਹੀਦਾ ਹੈ।
- ਕੰਮਪਿਊਟਰ ਨੋਟ ਬੁੱਕ/ਲੈਪਟੋਪ ਦੀ ਵਰੰਟੀ ਘੱਟੋ ਘੱਟ 3 ਸਾਲ ਦੀ ਹੋਣੀ ਚਾਹੀਦੀ ਹੈ।
- ਕੰਮਪਿਊਟਰ ਨੋਟ ਬੁੱਕ/ਲੈਪਟੋਪ ਦਾ ਓਪਰੇਟਿੰਗ ਸਿਸਟਮ ਪ੍ਰੀਲੋਡਡ ਹੋਣਾ ਚਾਹੀਦਾ ਹੈ।

ਉਕਤ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ ਹੈ। ਪਾਲਸੀ ਅਨੁਸਾਰ ਦਿੱਤੇ ਗਏ ਸਪੇਸੀਫਿਕੇਸ਼ਨ ਨੂੰ ਮੁੱਖ ਰੱਖਦੇ ਹੋਏ ਪੋਰਟਲ ਤੋ ਰੇਟ ਲਿਤੇ ਗਏ ਜਿਸ ਦੀ ਕੀਮਤ ਰੁਪਏ ਪ੍ਰਤੀ 75000/- ਦਿੱਤੀ ਗਈ ਹੈ। 3 ਕੰਪਨੀਆ ਦੇ ਰੇਟ ਲਿਤੇ ਗਏ ਹਨ। ਪੰਜ ਕੰਮਪਿਊਟਰ ਨੋਟ ਬੁੱਕ ਤੇ ਲਗਭਗ 3,75,000/- ਰੂਪੈ ਖਰਚ ਆਏਗਾ। ਇਸ ਸਮਾਨ ਦੀ ਖਰੀਦ ਦੀ ਕੀਮਤ 3,75,000/- ਰੂਪੈ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ 24.4.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24.04.2018 ਨੂੰ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 25.4.2018 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,

25.6.2018

ਮਤਾ ਨੰਬਰ:-49

ਵਿਸ਼ਾ:- ਨਗਰ ਨਿਗਮ ਦੀ ਪੁਰਾਨੀ ਬਿਲਡਿੰਗ ਵਿੱਚ CDIoA ਵੱਲੋਂ Jalandhar Surface Water Supply System ਲਈ ਆਈ ਟੀਮ ਦੇ ਨਵੇਂ ਬਣੇ ਦਫਤਰ ਲਈ ਕੰਮਪਿਉਟਰ ਹਾਰਡਵੇਅਰ ਦੀ ਖਰੀਦ ਕਰਨ ਸਬੰਧੀ।

ਤਖਮੀਨਾ ਰੁਪਏ 199,500/- ਟੈਂਡਰ ਅਮਾਉਂਟ ਰੁਪਏ 199,000/-
ਸੇਵਿੰਗ 0.25% ਅਜੰਸੀ ਦਾ ਨਾਮ:- M/s Digital World, Jalandhar.

ਪੜ੍ਹਿਆ ਨੋਟ ਸਿਸਟਮ ਮੈਨੇਜਰ ਮਿਤੀ: 23.03.2018 ਵੱਲੋ ਉਪਰੋਕਤ ਵਿਸ਼ੇ ਦੀ ਖਰੀਦ ਕਰਨ ਲਈ ਨਗਰ ਨਿਗਮ ਦੀ ਕੰਮਪਉਟਰ ਸ਼ਾਖਾ ਵੱਲੋਂ ਲਿਖਿਆ ਗਿਆ ਕਿ ਬਿਆਸ ਦਰਿਆ ਤੋਂ ਪਾਣੀ ਦੀ ਸਪਲਾਈ ਜਲੰਧਰ ਸ਼ਹਿਰ ਵਿੱਚ ਮੁੱਹਇਆ ਕਰਵਾਉਣ ਲਈ Consultancy Services for the Preparation of the Feasibility Study and Preliminary Engineering Design of the Jalandhar Surface Water Supply System ਦੇ ਸਲਾਹਕਾਰ ਆਏ ਹਨ।ਉਹਨਾਂ ਦੇ ਕੰਮ ਕਰਨ ਲਈ ਨਗਰ ਨਿਗਮ ਜਲੰਧਰ ਦੀ ਪੁਰਾਨੀ ਬਿਲਡਿੰਗ ਨੂੰ ਰੈਨੋਵੇਸ਼ਨ ਕੀਤਾ ਗਿਆ ਹੈ। ਕਮਿਸ਼ਨਰ ਜੀ ਦੀ ਅਗਵਾਈ ਹੇਠ ਮਿਤੀ: 20.02.2018 ਨੂੰ ਉਕਤ ਪ੍ਰੋਜੇਕਟ ਦੇ ਸਲਾਹਕਾਰ ਨਾਲ ਮੀਟਿੰਗ ਕੀਤੀ ਗਈ ।ਜਿਸ ਵਿੱਚ ਉਹਨਾਂ ਵੱਲੋ ਉਹਨਾਂ ਦੇ ਸਟਾਫ ਦੇ ਕੰਮ ਕਰਨ ਲਈ ਕੰਮਪਿਉਟਰ ਹਾਰਡਵੇਅਰ ਦੀ ਜਰੂਰਤ ਹੈ। ਜ਼ੋ ਕਿ ਨਗਰ ਨਿਗਮ ਜਲੰਧਰ ਵੱਲੋ ਮੁੱਹਇਆ ਕਰਵਾਇਆ ਜਾਣਾ ਹੈ। ਇਸ ਸਬੰਧ ਵਿੱਚ ਦੱਸਿਆ ਜ਼ਾਂਦਾ ਹੈ ਕਿ ਹਾਊਸ ਦੇ ਮਤਾ ਨੰ: 17 ਮਿਤੀ: 05.03.2018 ਰਾਹੀਂ ਰੁਪਏ: 84.50 ਲੱਖ ਰਾਖਵੇਂ ਰੱਖੇ ਗਏ ਹਨ।ਉਹਨਾ ਵਿੱਚੋਂ ਹੀ ਇਸ ਸਮਾਨ ਦੀ ਖਰੀਦ ਕੀਤੀ ਜਾਣੀ, ਉਕਤ ਸਬੰਧੀ ਖਰੀਦ ਕਰਨ ਲਈ ਰੁਪਏ Rs. 199500/-(GST Included) ਦਾ ਇਕ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਕਮਿਸ਼ਨਰ ਜੀ ਨੇ ਅਪਣੇ ਹੁੱਕਮ ਮਿਤੀ 13-10-17 ਰਾਹੀਂ ਦਿੱਤੀ। ਇਸ ਕੰਮ ਦੇ ਸ਼ਾਰਟ-ਟਰਮ ਟੈਂਡਰ ਮਿਤੀ 23-03-18 ਰਾਹੀਂ ਮੰਗੇ ਗਏ। ਅਜੰਸੀਆਂ ਦੇ ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾਂ ਦੀ ਤੁਲਨਾਤਮਕ ਸੂਚੀ ਬਣਾਉਣ ਤੇ M/s Digital World., Jalandhar ਦੇ ਰੇਟ ਸਭ ਤੋਂ ਘੱਟ ਪਾਏ ਗਏ। ਇਹ ਅਜੰਸੀ ਵਿਸ਼ੇ ਅਧੀਨ ਖਰੀਦ ਤਖਮੀਨਾ ਰੁਪਏ 199,500/- ਦੇ ਵਿਰੁੱਧ 0.25% ਦੀ ਸੇਵਿੰਗ ਨਾਲ ਰੁਪਏ 199,000/- ਵਿੱਚ ਕਰੇਗੀ। ਇਹ ਰੇਟ ਘੱਟ ਅਤੇ ਵਾਜਿਬ ਹਨ। ਕਿਉਜ਼ੋ ਇਹ Urgent Nature ਕੰਮ ਹੈ, ਕਿਉਂਕੀ ਸਲਾਹਕਾਰ ਟੀਮ ਵੱਲੋ ਆਪਣਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਉਸ ਵੱਲੋ ਜਲਦ ਤੋਂ ਜਲਦ ਇਸ ਦੀ ਖਰੀਦ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਉਕਤ ਕੰਪਨੀ ਤੋਂ ਸਮਾਨ ਦੀ ਖਰੀਦ ਕਰਨ ਦੀ ਮੰਜੂਰੀ ਲਈ ਇਸ ਤਜਵੀਜ ਨੂੰ ਨਗਰ ਨਿਗਮ ਦੀ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਪਰੰਤੂ ਵਿੱਤ ਅਤੇ ਠੇਕਾ ਕਮੇਟੀ ਦਾ ਅਜੇ ਗਠਨ ਨਹੀਂ ਹੋਇਆ ਅਤੇ ਕੰਮ ਅਤਿ ਜਰੂਰੀ ਹੋਣ ਕਰਕੇ ਇਸ ਟੈਂਡਰ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ।ਸੰਯੁਕਤ ਕਮਿਸ਼ਨਰ ਨੇ ਮਿਤੀ: 28.03.2018 ਉਪਰੋਕਤ ਅਨੁਸਾਰ ਇਹ ਕੰਮ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸ਼ਿਫਾਰਿਸ਼ ਕੀਤੀ ਹੈ। ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28.03.2018 ਨੂੰ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 28.03.2018 ਰਾਹੀਂ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਟੈਂਡਰ ਨਗਰ ਨਿਗਮ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 50

ਵਿਸ਼ਾ:- ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕਰਨ ਲਈ ਵੱਖ-ਵੱਖ ਜ਼ੋਨਾ ਵਿੱਚ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਕਰਨ ਸਬੰਧੀ।

ਪੜ੍ਹਿਆ ਨੋਟ ਸਿਸਟਮ ਮੈਨੇਜਰ ਮਿਤੀ 26.4.2018 ਕਿ ਉਪਰੋਕਤ ਵਿਸ਼ੇ ਸਬੰਧੀ ਬੀ.ਐਂਡ.ਆਰ. ਸ਼ਾਖਾ ਵੱਲੋਂ ਲਿਖਿਆ ਗਿਆ ਹੈ ਕਿ ਜੂਨੀਅਰ ਇੰਜੀਨੀਅਰ ਵੱਲੋਂ ਵੱਖ-ਵੱਖ ਵਾਰਡਾਂ ਦੇ ਐਸਟੀਮੇਟ ਬਣਾਏ ਜਾਂਦੇ ਹਨ ਅਤੇ ਸ਼ਿਕਾਇਤਾਂ ਦੇ ਜੁਆਬ ਵੀ ਹੱਥ-ਲਿਖਿਤ ਦਿੱਤੇ ਜਾਂਦੇ ਹਨ। ਹੁਣ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਐਸਟੀਮੇਟ ਅਤੇ Analysis ਕੰਮਪਿਊਟਰ ਤੇ ਤਿਆਰ ਕੀਤੇ ਜਾ ਰਹੇ ਹਨ ਅਤੇ ਪ੍ਰੋਜੈਕਟ ਰਿਪੋਰਟਾਂ ਕੰਮਪਿਉਟਰਾਇਜਡ ਰਾਹੀਂ ਤਿਆਰ ਕੀਤੀਆਂ ਜਾਣੀਆਂ ਹਨ। ਇੰਜੀਨੀਅਰਿੰਗ ਵਿੰਗ ਦੇ ਜ਼ੋਨਾਂ ਵਿੱਚ ਕੋਈ ਵੀ ਕੰਮਪਿਉਟਰ ਨਹੀਂ ਹੈ। ਜਿਸ ਕਾਰਨ ਕੰਮ ਕਰਨ ਵਿੱਚ ਮੁਸ਼ਕਿਲ ਆ ਰਹੀਂ ਹੈ। ਇਸ ਲਈ ਹਰ ਇੱਕ ਜ਼ੋਨ ਵਿੱਚ ਇੱਕ ਕੰਮਪਿਊਟਰ ਸੈਟ, ਪ੍ਰਿੰਟਰ ਅਤੇ ਯੂ.ਪੀ.ਐਸ. ਦੀ ਜਰੂਰਤ ਹੈ। ਇਸ ਤੋਂ ਇਲਾਵਾ ਬੀ.ਐਂਡ.ਆਰ. ਸ਼ਾਖਾ ਦੇ ਸੁਪਰਡੰਟ ਵੱਲੋਂ ਵੀ ਕੰਮਪਿਊਟਰ ਦੀ ਮੰਗ ਕੀਤੀ ਗਈ ਹੈ। ਬੀ.ਐਂਡ.ਆਰ. ਦੇ 6 ਜ਼ੋਨ ਅਤੇ ਬੀ.ਐਂਡ.ਆਰ. ਸ਼ਾਖਾ ਲਈ ਕੰਮਪਿਉਟਰ ਸਮਾਨ ਮੁਹਇਆ ਕਰਵਾਇਆ ਜਾਵੇ ਤਾਂ ਕਿ ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕੀਤਾ ਜਾਵੇ ਅਤੇ ਰਿਕਾਰਡ ਦੀ ਸਾਂਭ ਸੰਭਾਲ ਕੀਤੀ ਜਾ ਸਕੇ ਕਿਉਂਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਵਲੋਂ ਵੀ ਕੰਮਪਿਉਟਰਾਇਜਡ ਰਿਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ।

ਨਿਗਰਾਨ ਇੰਜੀਨੀਅਰ ਬੀ.ਐਂਡ.ਆਰ. ਜੀ ਨੇ ਮਿਤੀ: 26.04.2018 ਰਾਹੀਂ ਕੰਮਪਿਉਟਰ ਆਦਿ ਮਹਇਆ ਕਰਵਾਉਣ ਲਈ ਸਿਸਟਮ ਮੈਨੇਜਰ ਨੂੰ ਤਖਮੀਨਾ ਤਿਆਰ ਕਰਨ ਲਈ ਲਿਖਿਆ ਗਿਆ ਹੈ। ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਕੰਮਪਿਉਟਰ, ਪ੍ਰਿੰਟਰ ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ । ਇਸ ਦਾ ਤਖਮੀਨਾ ਜੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ	ਵੇਰਵਾ	ਸੰਖਿਆ	ਰੇਟ (ਪ੍ਰਤੀ ਸਾਮਾਨ)	ਕੁਲ ਕੀਮਤ
1.	ਕੰਮਪਿਉਟਰ ਵਿਦ ਓ.ਐਸ.	7	35500	248500
2.	ਮਲਟੀਫੰਕਸ਼ਨਰ ਪ੍ਰਿੰਟਰ	7	14399	100793
3.	ਆਫ-ਲਾਈਨ ਯੂ.ਪੀ.ਐਸ਼	7	3000	21000
			ਕੁਲ ਕੀਮਤ	**370293**

ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ ਹੈ। 3 ਕੰਪਨੀਆ ਦੇ ਰੇਟ ਲਿਤੇ ਗਏ ਹਨ। ਉਕਤ ਦੀ ਖਰੀਦ ਤੇ ਲਗਭਗ 370293/- ਰੂਪੈ ਖਰਚ ਆਏਗਾ।ਸਮਾਨ ਦੀ ਖਰੀਦ ਜਿਸ ਦੀ ਕੀਮਤ 370293/- ਰੂਪੈ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ) ਵਲੋਂ ਮਿਤੀ 27.4.2018 ਨੂੰ ਤਜਵੀਜ਼ ਹਾਊਸ ਵਿੱਚ ਰਖਣ ਲਈ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 30.4.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.5.2018 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ:-51

ਵਿਸ਼ਾ:- ਅਵਾਰਾ ਕੁੱਤਿਆ ਦੇ Animal Birth Control Project ਦੇ ਸਟਾਫ ਲਈ ਕੁਝ ਜਰੂਰੀ ਸਮਾਨ ਮੁੱਹਇਆ ਕਰਵਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੇਅਰ ਸਾਹਿਬ ਜੀ, ਐਮ. ਐਲ. ਏ. ਸਾਹਿਬ ਮਾਨਯੋਗ ਰਾਜਿੰਦਰ ਬੇਰੀ ਜੀ ਅਤੇ ਕੌਂਸਲਰ ਸਾਹਿਬਾਨ ਦੀ ਮੌਜੂਦਗੀ ਵਿੱਚ ਅਵਾਰਾ ਕੁੱਤਿਆ ਦੇ Animal Birth Control Project ਵਿਖੇ ਕੁੱਤਿਆਂ ਨੂੰ ਫੜਨ ਵਾਲੇ ਸਟਾਫ ਨੇ ਆਪਣੀ ਮੁਸ਼ਕਿਲਾ ਸਾਹਮਨੇ ਰੱਖੀਆਂ। ਜਿਸ ਵਿੱਚ ਕੁੱਤਿਆਂ ਨੂੰ ਫੜਨ ਲਈ ਨੈਟ ਆਦਿ ਲਈ ਡਾ: ਰਾਜ ਕਮਲ ਵੱਲੋ ਮੰਗ ਕੀਤੀ ਗਈ ਹੈ।ਇਹ ਸਮਾਨ ਸਟੋਰ ਵਿੱਚ ਉਪਲਬਧ ਨਹੀਂ ਹੈ। ਇਸ ਦੀ ਖਰੀਦ ਬਜਾਰ ਤੋ ਨਿਯਮਾਂ ਅਨੁਸਾਰ ਕੀਤੀ ਜਾਣੀ ਹੈ।ਮਾਰਕੀਟ ਵਿੱਚੋ ਕੁਟੇਸ਼ਣਾਂ ਲਈਆਂ ਗਈਆਂ। ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:-

	Moderen Surgical House		B Lal & Sons	Union Surgicals
Items	Qty	Rate	Rate	Rate
Exercise Polo Net	10	6000	8850	9000
TOTAL		Rs. 60000/-	Rs. 88500/-	Rs. 90000/-
GST 18%		10800/-	15930/-	16200/-
TOTAL		70800/-	104430/-	106200/-

ਉਕਤ ਸਮਾਨ ਦੀ ਖਰੀਦ ਕਰਨ ਤੇ ਲਗਭੱਗ ਰੂ: 70,800/- ਦਾ ਖਰਚ ਆਵੇਗਾ। ਇਸ ਦੀ ਖਰੀਦ ਟੈਂਡਰ ਕਾਲ ਰਾਹੀ ਕੀਤੀ ਜਾਵੇਗੀ। ਇਸ ਲਈ ਉੱਕਤ ਸਮਾਨ ਦੀ ਖਰੀਦ ਕਰਨ ਲਈ ਰੂ: 70,800/- ਖਰਚ ਕਰਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ। ਵਧੀਕ ਕਮਿਸ਼ਨਰ ਜੀ ਨੇ ਮਿਤੀ 27-02-18 ਰਾਹੀਂ ਤਜਵੀਜ਼ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਰੱਖਣ ਲਈ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਨੇ ਮਿਤੀ 27-02-18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਨੇ ਆਦੇਸ਼ ਮਿਤੀ 16-04-18 ਅਨੁਸਾਰ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,

25.6.2018

ਮਤਾ ਨੰਬਰ: 52

ਵਿਸ਼ਾ:– ਅਵਾਰਾ ਕੁੱਤਿਆ ਦੇ Animal Birth Control Project ਦੇ ਸਟਾਫ ਲਈ ਕੁਝ ਜਰੂਰੀ ਸਮਾਨ ਮੁੱਹਇਆ ਕਰਵਾਉਣ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੇਅਰ ਜੀ, ਐਮ ਐਲ ਏ ਸਾਹਿਬ ਮਾਨਯੋਗ ਰਾਜਿੰਦਰ ਬੇਰੀ ਜੀ ਅਤੇ ਕੌਂਸਲਰ ਸਾਹਿਬਾਨ ਦੀ ਮੌਜੂਦਗੀ ਵਿੱਚ ਅਵਾਰਾ ਕੁੱਤਿਆ ਦੇ Animal Birth Control Project ਵਿਖੇ ਕੁੱਤਿਆਂ ਦੀ ਨਸਬੰਦੀ ਕਰਨ ਲਈ ਵੈਟਰਨਰੀ ਡਾ: ਗੋਪਾਲ ਸ਼ਰਮਾ ਸਰਜਨ ਵਲੋ ਕੁਝ ਜਰੂਰੀ ਸਮਾਨ ਦੀ ਮੰਗ ਕੀਤੀ ਹੈ।ਉਕਤ ਸਮਾਨ ਲੈਣ ਲਈ ਡਾ: ਰਾਜ ਕਮਲ ਵੱਲੋ ਮੰਗ ਕੀਤੀ ਗਈ ਹੈ।ਉਕਤ ਸਮਾਨ ਸਟੋਰ ਵਿੱਚ ਉਪਲਬਧ ਨਹੀ ਹੈ। ਇਹ ਖਰੀਦ ਬਜਾਰ ਤੋ ਨਿਯਮਾਂ ਅਨੁਸਾਰ ਕੀਤੀ ਜਾਣੀ ਹੈ।ਮਾਰਕੀਟ ਵਿੱਚੋ ਕੁਟੇਸ਼ਣਾਂ ਲਈਆਂ ਗਈਆਂ। ਜਿਸ ਦਾ ਵੇਰਵਾ ਹੇਠ ਅਨੁਸਾਰ ਹੈ :–

	Moderen Surgical House		Ex Rays India	Union Surgicals
Items	Qty	Rate	Rate	Rate
Artry Forcep 6" (Straight)	34	250	260	280
Artry Forcep 6" (Curved)	50	250	260	280
Needle Holder 6" (Straith)	10	350	365	385
Addison Forcep 5" (Tooth)(Speci)	15	240	250	260
Towel Clip (Shriyan)	60	260	275	285
BP Handle No. 3	40	28	32	35
BP Handle No. 4	40	28	32	35
Savlon (Ins & jsn) 1Lt	20	210	212	215
Gloves Examination (M)(Kaltex)	20	210	220	240
Dressing Drums 1189 (Seam Less)	6	2200	2300	2400
Cut Sheet	12	290	305	310
Plain Sheet	60	220	235	245
Ot Gown (Shriyan)	5	265	285	295
Hot Air Oven Shriyan	1	35000	36500	37500
TOTAL		Rs. 1,20,545/-	Rs,1,26,425/-	Rs. 1,32,065/-
GST 12%		14,465/-	15,171/-	15,848/-
TOTAL		1,35,190/-	1,41,596/-	1,47,913/-

ਉਕਤ ਸਮਾਨ ਦੀ ਖਰੀਦ ਕਰਨ ਤੇ ਲਗਭੱਗ ਰੂ: 1,35,190/– ਦਾ ਖਰਚ ਆਵੇਗਾ। ਇਸ ਦੀ ਖਰੀਦ ਟੈਂਡਰ ਕਾਲ ਰਾਹੀਂ ਕੀਤੀ ਜਾਵੇਗੀ। ਇਸ ਲਈ ਉੱਕਤ ਸਮਾਨ ਦੀ ਖਰੀਦ ਕਰਨ ਲਈ ਰੂ: 1,35,190/– ਖਰਚ ਕਰਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ।ਵਧੀਕ ਕਮਿਸ਼ਨਰ ਜੀ ਨੇ ਮਿਤੀ 27–02–18 ਰਾਹੀਂ ਤਜਵੀਜ਼ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਰੱਖਣ ਲਈ ਹਸਤਾਖਰ ਕੀਤੇ ਹਨ। ਕਮਿਸ਼ਨਰ ਨੇ ਮਿਤੀ 27–02–18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਦੇ ਆਦੇਸ਼ ਮਿਤੀ 16–04–18 ਤਜਵੀਜ ਵਿਚਾਰ ਵਟਾਂਦਰੇ ਅਤੇ ਫੈਸਲੇ ਲਈ ਨਗਰ ਨਿਗਮ ਹਾਊਸ ਵਿੱਚ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/– ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,

25.6.2018

ਮਤਾ ਨੰਬਰ:-53
ਵਿਸ਼ਾ:- ਫਾਇਰ ਬ੍ਰਿਗੇਡ ਸਟਾਫ ਨੂੰ ਠੰਡੀ ਅਤੇ ਗਰਮ ਵਰਦੀ ਸਮੇਤ ਹੋਰ ਆਈਟਮਾਂ ਦੇਣ ਬਾਰੇ।

ਪੜਿਆ ਨੋਟ ਏ.ਡੀ.ਐਫ.ਓ. ਕਿ ਫਾਇਰ ਬਿਗ੍ਰੇਡ ਸਟਾਫ ਨੂੰ ਸਟੈਡਿੰਗ ਆਰਡਰਾਂ ਅਨੁਸਾਰ ਹਰ ਸਾਲ ਅਪ੍ਰੈਲ ਮਹੀਨੇ ਠੰਡੀ ਵਰਦੀ ਸਮੇਤ ਹੋਰ ਆਈਟਮਾਂ ਦੇਣੀਆਂ ਹੁੰਦੀਆਂ ਹਨ ਅਤੇ ਹਰ 2 ਸਾਲ ਬਾਅਦ ਅਕਤੂਬਰ ਮਹੀਨੇ ਗਰਮ ਵਰਦੀ ਰੈਗੂਲਰ ਸਟਾਫ ਨੂੰ ਦਿੱਤੀ ਜਾਂਦੀ ਹੈ। ਠੰਡੀ ਵਰਦੀ ਸਾਲ 2018-2019 ਦੀ ਅਪ੍ਰੈਲ-2018 ਤੋਂ ਡਿਊ ਹੈ ਅਤੇ ਗਰਮ ਵਰਦੀ ਅਕਤੂਬਰ 2018 ਤੋਂ ਡਿਊ ਹੋਵੇਗੀ। ਮੋਜੂਦਾ ਸਮੇਂ ਰੈਗੂਲਰ ਸਟਾਫ ਵਿਚ 1 ਏ.ਡੀ.ਐਫ.ਓ., 6 ਸਬ-ਫਾਇਰ ਅਫਸਰ, 5 ਲੀਡਿੰਗ ਫਾਇਰਮੈਨ, 3 ਡਰਾਇਵਰ, 5 ਫਾਇਰਮੈਨ ਹਨ। ਫਾਇਰ ਬ੍ਰਿਗੇਡ ਦੇ ਸਟੈਂਡਿੰਗ ਆਰਡਰ ਦੇ ਅਨੁਸਾਰ ਸਟਾਫ ਵਾਸਤੇ ਵਰਦੀ ਸਮੇਤ ਹੋਰ ਆਈਟਮਾਂ ਦਿੱਤੀਆਂ ਜਾਂਦੀਆਂ ਹਨ। ਠੰਡੀ ਵਰਦੀ, ਗਰਮ ਵਰਦੀ ਅਤੇ ਹੋਰ ਆਈਟਮਾਂ ਦਾ ਮਾਰਕੀਟ ਅਨੁਸਾਰ ਅੰਦਾਜਨ ਖਰਚ ਐਸਟੀਮੇਂਟ ਲਿੱਤਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਆਈਟਮ	ਅੰਦਾਜਨ ਖਰਚ
1	20 ਕਰਮਚਾਰੀਆਂ/ਅਧਿਕਾਰੀਆਂ 2 ਸੈਟ ਰੇਡੀਮੇਡ ਵਰਦੀ (ਕਪੜਾ ਰੇਮਡ ਮਿਲ ਰੰਗ ਖਾਕੀ ਕੁੱਲ 40 ਸੈਟ)	80,000
2	20 ਕਰਮਚਾਰੀਆਂ/ਅਧਿਕਾਰੀਆਂ ਲੈਦਰ ਬੂਟ ਦੇ 2 ਜੋੜੇ ਰੰਗ ਕਾਲਾ ਬਰਾਊਨ ਕੰਪਨੀ ਲਿਬਰਟੀ 40 ਜੋੜੇ	80,000
3	20 ਕਰਮਚਾਰੀਆਂ/ਅਧਿਕਾਰੀਆਂ ਦੇ 2 ਜੋੜੇ ਜੁਰਾਬਾਂ ਰੰਗ ਖਾਕੀ ਕੁੱਲ 40 ਜ਼ੋੜੇ	6,000
4	15 ਕਰਮਚਾਰੀਆਂ/ਅਧਿਕਾਰੀਆਂ ਲਈ ਹੈਲਮੇਟ 15 ਨੰਬਰ	15,000
5	20 ਕਰਮਚਾਰੀਆਂ/ਅਧਿਕਾਰੀਆਂ ਲਈ ਟਿਊਨਕ 20 ਨੰਬਰ	40,000
6	7 ਅਧਿਕਾਰੀਆਂ ਲਈ ਗਰਮ ਬਰਦੀਆਂ ਕਪੜਾ 2 ਸੈਟ ਰੇਡੀਮੇਡ ਵਰਦੀ ਕੁੱਲ 14 ਸੈਟ	63,000
7	7 ਅਧਿਕਾਰੀਆਂ ਲਈ 2 ਖਾਕੀ ਕਮੀਜਾਂ ਲਸਟਾਲੀਨ ਕੁੱਲ 14 ਨੰਬਰ	14,000
8	7 ਅਧਿਕਾਰੀਆਂ ਲਈ 2 ਮਹਿਰੂਨ ਰੰਗ ਦੀਆਂ ਟਾਈਆਂ ਕੁੱਲ 14 ਨੰਬਰ	2800
9	13 ਕਰਮਚਾਰੀਆਂ ਲਈ ਗਰਮ ਸਰਜ ਕਪੜਾ 2 ਸੈਟ ਰੇਡੀਮੇਡ ਵਰਦੀ ਕੁੱਲ 26 ਸੈਟ	91,000
	ਕੁੱਲ ਜ਼ੋੜ	**3,91,800/-**

ਉਕਤ ਅਨੁਸਾਰ ਸਾਲ 2018-2019 ਦੀ ਠੰਡੀ-ਗਰਮ ਵਰਦੀ ਅਤੇ ਹੋਰ ਆਈਟਮਾਂ ਦੀ ਖਰੀਦ ਨਿਯਮਾਂ ਅਨੁਸਾਰ ਅਖਬਾਰਾਂ ਰਾਹੀਂ ਟੈਂਡਰ ਮੰਗ ਕੇ ਕੀਤੀ ਜਾਵੇਗੀ, ਜਿਸ ਤੇ ਅੰਦਾਜਨ ਖਰਚ ਰੁਪਏ 3,91,800/- ਹੋਣ ਦੀ ਸੰਭਾਵਨਾ ਹੈ। ਇਥੇ ਜਿਕਰਯੋਗ ਹੈ ਕਿ 1 ਫਾਇਰਮੈਨ ਦੀ ਮੌਤ ਹੋਣ ਕਾਰਨ ਜਿਹੜੀ ਵਰਦੀ ਫਾਇਰ ਬ੍ਰਿਗੇਡ ਸਟੋਰ ਵਿਚ ਜਮਾਂ ਹੈ ਉਹ ਵਰਦੀ ਕਿਸੇ 1 ਮੌਜੂਦਾ ਫਾਇਰਮੈਨ ਨੂੰ ਜਾਰੀ ਕਰ ਦਿੱਤੀ ਜਾਵੇਗੀ ਅਤੇ ਉਕਤ ਵਿਚੋਂ ਜਿਹੜੀ ਨਵੀਂ ਵਰਦੀ ਬਚੇਗੀ ਉਹ ਫਾਇਰ ਬ੍ਰਿਗੇਡ ਦੇ ਸਟੋਰ ਵਿਚ ਜਮ੍ਹਾਂ ਕਰ ਲਈ ਜਾਵੇਗੀ। ਇਸ ਨਾਲ ਵਧੀਕ ਕਮਿਸ਼ਨਰ ਜੀ ਵਲੋਂ ਮਿਤੀ: 01-03-18 ਨੂੰ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 12.3.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 20.4.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/- ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 54

ਵਿਸ਼ਾ:- Accident Insurance of Sewerman, safai karamchari, Fire Men and other Fire related staff.

ਹਵਾਲਾ:– ਸਥਾਨਕ ਸਰਕਾਰ ਦੇ ਪਿੱਠਅੰਕਣ ਨੰ:A1-GB-DLG-2018/18033-18048 Dated. 24/3/18

ਪੜ੍ਹਿਆ ਦਫਤਰੀ ਨੋਟ ਅਮਲਾ ਕਲਰੱਕ (ਓ.ਐਂਡ ਐਮ.) ਜਿਸ ਨਾਲ ਸੁਪਰਡੰਟ (ਓ.ਐਂਡ ਐਮ.) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਹਵਾਲੇ ਅਧੀਨ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ ਦੇ ਪੱਤਰ No. A1-GB-DLG-2018/18033-18048 DATED:- 24/03/2018 ਵਲੋਂ ਸ਼ਹਿਰੀ ਸਥਾਨਕ ਸੰਸਥਾਵਾ ਵਿਖੇ ਕੰਮ ਕਰ ਰਹੇ ਸਫਾਈ ਕਰਮਚਾਰੀਆ/ਸੀਵਰਮੈਨਾ ਦਾ 10.00 ਲੱਖ ਰੁਪਏ ਦਾ ਬੀਮਾ ਕਰਨ ਸੰਬੰਧੀ (Bajaj Allianz General Insurance Company Limited) ਦੀ ਕੁਟੇਸ਼ਨ ਪ੍ਰਵਾਨ ਕਰਦੇ ਹੋਏ permium INR 399 (inclusive of GST) ਪ੍ਰਤੀ ਕਰਮਚਾਰੀ ਦੀ ਦਰ ਨਾਲ ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਸਨ।ਇੰਨਸੋਰਸ ਕੰਪਨੀ ਵਲੋਂ ਬੀਮਾ ਪਾਲਿਸੀ ਹੇਠ ਲਿਖੇ ਅਨੁਸਾਰ Term and conditions ਦਾ ਵੇਰਵਾ ਦਿੱਤਾ ਗਿਆ ਹੈ :–

The Detail of Coverage is as Under:-

1 Accidental Death
2 Loss of the sight of both eyes.
3 Physical Separation of or the loss of ability to use both hands and both feet
4 Physical Separation of or the loss of ability to use one hand and one foot
5 Loss of Sight of One eye and the physical separation of or the loss of all ability to use either one hand or one foot.

Conditions:-

- It will be named cover
- Actually monthly income details to be provided at the time of policy issuance
- Age/Designation/name/Monthly Salary of the Employees to be provided at the time of policy issuance
- Si to Commensurate with Salaries
- Age Bracket 18-65 Years.

ਨਗਰ ਨਿਗਮ, ਜਲੰਧਰ ਵਿੱਚ ਇਸ ਸਮੇਂ ਕੁਲ 403 ਸੀਵਰਮੈਨ ਕੰਮ ਕਰ ਰਹੇ ਸਨ। ਜਿਹਨਾ ਵਿੱਚੋਂ 393 ਪੱਕੇ ਸੀਵਰਮੈਨ ਅਤੇ 10 ਕੱਚੇ ਸੀਵਰਮੈਨ ਕੰਮ ਕਰਦੇ ਹਨ। ਇਹਨਾਂ ਕਰਮਚਾਰੀਆ ਦੀਆ ਉਪਰੋਕਤ ਦਰਸਾਏ ਅਨਸਾਰ ਪ੍ਰੀਮੀਅਮ ਦੀ ਦਰ ਨਾਲ ਕੁੱਲ ਰਕਮ ਰੁਪਏ 160797/– (incusive of GST) ਬਣਦੀ ਹੈ।(ਕੁੱਲ 403 ਸੀਵਰਮੈਨ@Rs 399/- ਪ੍ਰਤੀ ਸੀਵਰਮੈਨ = Rs160797/-) ਸਥਾਨਕ ਸਰਕਾਰ ਨੇ ਪ੍ਰਵਾਨਗੀ ਸਮੇਂ ਇਹ ਵੀ ਅੰਕਿਤ ਕੀਤਾ ਹੈ ਕਿ Premium ਦਾ ਖਰਚਾ ਸੰਬੰਧਤ ਸ਼ਹਿਰੀ ਸੰਸਥਾਵਾ ਵਲੋਂ ਕੀਤਾ ਜਾਵੇਗਾ ਅਤੇ ਇਹ ਖਰਚਾ ਫਿਟ ਚਾਰਜਜ ਹੋਵੇਗਾ।

ਸਰਕਾਰ ਦੇ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ, ਜਲੰਧਰ ਵਿੱਚ ਕੰਮ ਕਰ ਰਹੇ ਸੀਵਰਮੈਨ/ਸਫਾਈ ਸੇਵਕ ਦੀ 10.00 ਲੱਖ ਰੁਪਏ ਪ੍ਰਤੀ ਕਰਮਚਾਰੀ ਦਾ Group Personal Accident ਬੀਮਾ ਕਰਵਾਉਣ ਲਈ ਉਕਤ ਅਨੁਸਾਰ ਸਲਾਨਾ ਪ੍ਰੀਮੀਅਮ + incusive of GST ਰੁਪਏ 160797/- ਅਦਾਇਗੀ ਦੀ Bajaj Allianz General Insurance Company Limited ਨੂੰ ਕਰਨ ਲਈ ਤਜਵੀਜ ਦੀ ਹਾਊਸ ਤੋਂ ਪ੍ਰਵਾਨਗੀ ਹਿੱਤ ਪੇਸ਼ ਹੈ। ਜੇਕਰ ਇੰਸ਼ੋਰੈਸ ਕੰਪਨੀ ਵਲੋਂ ਕਿਸੇ ਸਮੇਂ ਪ੍ਰੀਮੀਅਮ ਦੀ ਦਰ ਵਿੱਚ ਸੋਧ ਕੀਤੀ ਜਾਂਦੀ ਹੈ ਤਾਂ ਉਸਦੀ ਅਦਾਇਗੀ ਵੀ ਨਗਰ ਨਿਗਮ ਵਲੋਂ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ।ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ(ਓ.ਐਂਡ ਐਮ.) ਨੇ ਮਿਤੀ 14.5.2018 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 16.5.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 1.6.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/– ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ,
25.6.2018

ਮਤਾ ਨੰਬਰ: 55

ਵਿਸ਼ਾ:- ਡਾ.ਬੀ.ਆਰ ਅੰਬੇਦਕਰ ਕੰਪਲੈਕਸ ਨਹਿਰੂ ਗਾਰਡਨ ਵਿਖੇ ਨਵੇ ਮੀਟਿੰਗ ਹਾਲ ਦੀ ਉਸਾਰੀ ਕਰਨ ਸਬੰਧੀ।

ਪੜਿਆ ਨੋਟ ਨਿਗਮ ਇੰਜੀਨਿਅਰ (ਬੀ ਐਂਡ ਆਰ) ਕਿ ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਨਵੇ ਹਾਊਸ ਦਾ ਗਠਨ ਹੋ ਚੁਕਿਆ ਹੈ ਅਤੇ ਸ਼ਹਿਰ ਦੀ ਨਵੀ ਵਾਰਡ ਬੰਦੀ ਹੋਣ ਉਪਰੰਤ ਹੁਣ ਜਲੰਧਰ ਸ਼ਹਿਰ ਦੇ ਵਾਰਡ 60 ਤੋਂ ਵੱਧ ਕੇ 80 ਹੋ ਗਏ ਹਨ ਅਤੇ ਜਿਸ ਦੇ ਨਾਲ ਕੌਂਸਲਰਾਂ ਦੀ ਗਿਣਤੀ ਵੀ 80 ਹੋ ਗਈ ਹੈ।ਨਗਰ ਨਿਗਮ ਦੀ ਦੂਜੀ ਮੰਜਿਲ ਵਿੱਚ ਜੋ ਮੀਟਿੰਗ ਹਾਲ ਬਣਾਇਆ ਹੋਇਆ ਹੈ, ਇਥੇ ਸਿਰਫ 60 ਕੌਂਸਲਰਾਂ ਦੀ ਬੈਠਣ ਦੀ ਵਿਵਸਥਾ ਕੀਤੀ ਗਈ ਸੀ।ਹੁਣ ਇਸ ਮੀਟਿੰਗ ਹਾਲ ਵਿੱਚ ਹਾਊਸ ਦੀ ਮੀਟਿੰਗ ਦੌਰਾਨ ਸਾਰੇ 80 ਕੌਂਸਲਰਾਂ ਲਈ ਜਗ੍ਹਾਂ ਦੀ ਘਾਟ ਕਾਰਣ ਬੈਠਣਾ ਸੰਭਵ ਨਹੀ ਹੈ।

ਮਾਨਯੋਗ ਹਾਊਸ ਦੀ ਮੀਟਿੰਗ ਮਿਤੀ:20/03/2018 ਨੂੰ ਕੌਂਸਲਰ ਸ਼੍ਰੀ ਮਨਜਿੰਦਰ ਸਿੰਘ ਚੱਠਾ ਵੱਲੋਂ ਮੀਟਿੰਗ ਹਾਲ ਵਿੱਚ ਸਮੂਹ ਕੌਂਸਲਰਾਂ ਦੇ ਬੈਠਣ ਦੀ ਉਚਿੱਤ ਵਿਵਸਥਾ ਨਾ ਹੋਣ ਕਾਰਣ ਇਸ ਮੁੱਦੇ ਤੇ ਸਵਾਲ ਉਠਾਇਆ ਗਿਆ ਸੀ ਅਤੇ ਮਾਨਯੋਗ ਮੇਅਰ ਜੀ ਵੱਲੋਂ ਕਿਹਾ ਗਿਆ ਸੀ ਕਿ ਹਾਲ ਦੀ ਰੀ-ਡਜਾਇਨਿੰਗ ਬਾਰੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ ਅਤੇ ਜਲਦੀ ਤੋਂ ਜਲਦੀ ਇਸ ਬਾਰੇ ਅੰਤਿਮ ਫੈਸਲਾ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

ਨਵੇ ਹਾਊਸ ਦੀ ਡਿਜਾਇਨ/ਉਸਾਰੀ ਸਬੰਧੀ ਇੱਕ ਮੀਟਿੰਗ ਮਾਨਯੋਗ ਮੇਅਰ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਕਮਿਸ਼ਨਰ ਸਾਹਿਬ ਜੀ, ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਕਾਰਪੋਰੇਸ਼ਨ ਇੰਜੀਨੀਅਰ ਮੌਜੂਦ ਸਨ।ਮੀਟਿੰਗ ਹਾਲ ਦੀ ਉਸਾਰੀ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਜਿਸ ਵਿੱਚ ਪਹਿਲਾ ਬਣੇ ਕੌਂਸਲਰ ਮੀਟਿੰਗ ਹਾਲ ਨੂੰ ਵਧਾ ਕੇ ਵੱਡਾ ਕਰਨ ਬਾਰੇ ਆ ਰਹੀਆਂ ਮੁਸ਼ਕਲਾਂ ਬਾਰੇ ਮੇਅਰ ਸਾਹਿਬ ਜੀ ਨੂੰ ਜਾਣੂ ਕਰਵਾਇਆ ਗਿਆ।ਵਿਚਾਰ ਵਟਾਂਦਰਾ ਕਰਨ ਉਪਰੰਤ ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਹਦਾਇਤ ਕੀਤੀ ਗਈ ਕਿ ਨਵੇ ਕੌਂਸਲਰ ਮੀਟਿੰਗ ਹਾਲ ਦੀ ਉਸਾਰੀ ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਦੀ ਸਭ ਤੋਂ ਉਪਰਲੀ ਮੰਜ਼ਿਲ ਤੇ ਕਰਵਾਉਣ ਬਾਰੇ ਤਜਵੀਜ਼ ਤਿਆਰ ਕੀਤੀ ਜਾਵੇ।

ਉਪਰੋਕਤ ਸਬੰਧੀ ਆਰਕੀਟੈਕਟ ਹਾਈਅਰ ਕਰਨ ਲਈ ਈ.ਓ.ਆਈ. ਕਾਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।ਜਿਸ ਵਿੱਚ ਵੱਖ-ਵੱਖ ਆਰਕੀਟੈਕਟਾਂ ਤੋਂ ਉਨ੍ਹਾਂ ਦੀਆਂ ਤਜਵੀਜਾਂ ਮੰਗੀਆਂ ਜਾਣ ਗਈਆਂ ਅਤੇ ਇਨ੍ਹਾਂ ਤਜਵੀਜਾਂ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿੱਤਾ ਜਾਵੇਗਾ:-

1. ਪਹਿਲਾ ਇਨਾਮ ਰੁ: 1 ਲੱਖ
2. ਦੂਜਾ ਇਨਾਮ ਰੁ: 25 ਹਜ਼ਾਰ
3. ਤੀਜਾ ਇਨਾਮ ਰੁ: 15 ਹਜ਼ਾਰ

ਉਪਰੋਕਤ ਸਬੰਧੀ ਤਜਵੀਜ ਫਾਇਨਲ ਕਰਨ ਲਈ ਮਾਨਯੋਗ ਮੇਅਰ/ਕਮਿਸ਼ਨਰ ਸਾਹਿਬ ਜੀ ਵੱਲੋਂ ਕਮੇਟੀ ਦਾ ਗਠਨ ਕੀਤਾ ਜਾਵੇਗਾ ਜੋ ਕਿ ਵੱਖ-ਵੱਖ ਤਜਵੀਜਾਂ ਨੂੰ ਘੋਖਣ ਉਪਰੰਤ ਅੰਤਿਮ ਫੈਸਲਾ ਕਰੇਗੀ।ਜੋ ਏਜੰਸੀ ਪਹਿਲੇ ਨੰਬਰ ਤੇ ਆਵੇਗੀ ਉਹ ਇਸ ਇਨਾਮ ਦੀ ਰਾਸ਼ੀ ਵਿੱਚ ਤਜਵੀਜ਼ਤ ਮੀਟਿੰਗ ਹਾਲ ਦਾ ਕੰਨਸੈਪਟ ਪਲਾਨ, ਡਿਟੇਲ ਡਰਾਇੰਗ, ਬੀ.ਓ.ਕਿਓ, ਸਟਕਚਰਲ ਡਿਜਾਇਨ ਅਤੇ ਡਰਾਇੰਗ, ਸਰਵਿਸ ਡਰਾਇੰਗ, ਕੋਸਟ ਐਸਟੀਮੈਸ਼ਨ, ਇਨਟੀਰੀਅਰ ਡਿਜਾਇਨਿੰਗ, ਟੈਂਡਰ ਦਸਤਾਵੇਜ਼ ਆਦਿ ਤਿਆਰ ਕਰਨ ਅਤੇ ਕੰਮ ਪੂਰਾ ਹੋਣ ਤੱਕ ਉਸ ਦੀ ਸੁਪਰਵਿਜ਼ਨ ਲਈ ਜਿੰਮੇਵਾਰ ਹੋਵੇਗੀ।ਨਿਗਰਾਨ ਇੰਜੀਨਿਅਰ (ਬੀ.ਐਂਡ ਆਰ) ਵਲੋਂ ਮਿਤੀ 27.4.2018 ਨੂੰ ਤਜਵੀਜ਼ ਹਾਊਸ ਵਿੱਚ ਰਖਣ ਲਈ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 30.4.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.5.2018 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-56

ਵਿਸ਼ਾ:- ਪਿੰਡ ਗਦਾਈਪੁਰ, ਜਲੰਧਰ ਵਿਖੇ ਸਲਾਟਰ ਹਾਊਸ ਦੀ ਉਸਾਰੀ ਦੇ ਬਾਰੇ।

ਹਵਾਲਾ:- ਸੀ.ਈ.ਓ/ਜੇ.ਐਸ.ਸੀ.ਐਲ/2018/01 ਮਿਤੀ:15.03.2018 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਰਾਹੀਂ Chief Executive Officer, Jalandhar ਵੱਲੋਂ Commissioner Municipal Corporation Jalandhar ਜੀ ਨੂੰ ਪੱਤਰ ਭੇਜਦੇ ਹੋਏ ਲਿਖਿਆ ਹੈ ਕਿ ਮਾਡਰਨ ਸਲਾਟਰ ਹਾਊਸ ਪ੍ਰੋਜੈਕਟ ਨੂੰ ਜਲੰਧਰ ਸਮਾਰਟ ਸਿਟੀ ਪ੍ਰੋਜੈਕਟ ਅਧੀਨ ਤਜਵੀਜਤ ਕੀਤਾ ਹੈ। ਜਿਸ ਨਾਲ ਗੈਰ-ਕਾਨੂੰਨੀ ਸਲਾਟਰਿੰਗ,ਪ੍ਰਦੂਸ਼ਣ ਘੱਟ ਕਰਨ ਅਤੇ ਸਿਹਤਮੰਦ ਵਾਤਾਵਰਣ ਦੇਣ ਵਿੱਚ ਮਦਦ ਮਿਲੇਗੀ ਅਤੇ ਨਾਲ ਹੀ ਲੋਕਲ ਬਾਡੀ ਦੇ ਰੈਵੀਨਿਊ ਨੂੰ ਵੀ ਵਧਾਇਆ ਜਾ ਸਕੇਗਾ। ਨਗਰ ਨਿਗਮ,ਜਲੰਧਰ ਪਾਸੋ ਇਸ ਪ੍ਰੋਜੈਕਟ ਨੂੰ ਲਗਾਉਣ ਲਈ ਪਿੰਡ ਗਦਾਈਪੁਰ ਵਿਖੇ ਜੋ ਲੈਂਡ ਨਿਸ਼ਚਿਤ ਕੀਤੀ ਹੈ,ਉਸ ਬਾਰੇ ਕੰਨਫਰਮੈਸ਼ਨ ਮੰਗੀ ਹੈ।

ਉਪਰੋਕਤ ਦੇ ਸਬੰਧ ਵਿੱਚ ਹੀ ਮਾਨਯੋਗ ਸੁਪਰੀਮ ਕੋਰਟ ਦੀਆਂ ਹਿਦਾਇਤਾਂ ਦੀ ਪਾਲਣਾ ਹਿੱਤ ਨਗਰ ਨਿਗਮ,ਜਲੰਧਰ ਵੱਲੋਂ ਮਾਡਰਨ ਸਲਾਟਰ ਹਾਊਸ ਬਨਾਉਣ ਲਈ ਦਫ਼ਤਰੀ ਤਜਵੀਜ ਤਿਆਰ ਕੀਤੀ ਗਈ ਸੀ। ਇਸ ਦੇ ਸਬੰਧ ਵਿੱਚ Ministry of Food Processing Industry (Govt.of India) ਵੱਲੋਂ ਜਾਰੀ ਹਿਦਾਇਤਾਂ ਅਨੁਸਾਰ ਪ੍ਰੋਜੈਕਟ ਨੂੰ ਬਨਾਉਣ ਲਈ ਡੀ.ਪੀ.ਆਰ. ਤਿਆਰ ਕਰਨ ਲਈ M/s G.K Sen Associates, Kolkata ਨਾਲ ਇਕਰਾਰਨਾਮਾ ਕੀਤਾ ਗਿਆ ਸੀ। ਫਰਮ ਵੱਲੋਂ ਡੀ.ਪੀ.ਆਰ. ਤਿਆਰ ਕਰ ਦਿੱਤੀ ਗਈ ਹੈ,ਜਿਸ ਦੀ ਲਾਗਤ ਰੁ:29,92,00000/- ਹੈ। ਇਸ ਪ੍ਰੋਜੈਕਟ ਦੇ ਸਬੰਧ ਵਿੱਚ ਹੀ ਨਗਰ ਨਿਗਮ,ਜਲੰਧਰ ਵੱਲੋਂ ਐਨ.ਓ.ਸੀ. ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਪ੍ਰਾਪਤ ਕਰਨ ਲਈ ਕੰਸਲਟੈਂਟ ਫਰਮ M/s S.B.A Enviro System Pvt Ltd. ਨੂੰ ਵਰਕ ਆਰਡਰ ਨੰ: ਸੀ.ਈ-III-104 ਮਿਤੀ:26/04/2017 ਰਾਹੀਂ ਨਿਯੁਕਤ ਕੀਤਾ ਗਿਆ ਹੈ। ਜਿਸ ਦੇ ਇਵਜ ਵਿੱਚ ਨਗਰ ਨਿਗਮ, ਜਲੰਧਰ ਵੱਲੋਂ ਕੰਸਲਟੈਂਟ ਫਰਮ ਨੂੰ ਰੁ:3,45,000/- ਦਿੱਤੇ ਜਾਣੇ ਹਨ। ਇਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਆਪਣੇ ਮਤਾ ਨੰ: 241 ਮਿਤੀ:18/11/2016 ਰਾਹੀਂ ਦਿੱਤੀ ਗਈ ਸੀ।

ਭਾਰਤ ਸਰਕਾਰ ਦੀਆਂ ਗਾਈਡ-ਲਾਈਨ ਅਨੁਸਾਰ ਇਸ ਪ੍ਰੋਜੈਕਟ ਦੀ ਕੁੱਲ ਲਾਗਤ ਦਾ 50% ਹਿੱਸਾ ਭਾਰਤ ਸਰਕਾਰ ਵੱਲੋਂ ਬਤੌਰ Grant in aid ਦਿੱਤਾ ਜਾਵੇਗਾ ਅਤੇ ਬਾਕੀ 50% ਬੱਚਦਾ ਹਿੱਸਾ ਯੂ.ਐਲ.ਬੀ. ਸ਼ੇਅਰ ਨਗਰ ਨਿਗਮ,ਜਲੰਧਰ ਨੂੰ ਦੇਣਾ ਪਵੇਗਾ। ਇਸ ਪ੍ਰੋਜੈਕਟ ਲਈ ਪਹਿਲਾ ਚਾਰ ਕਨਾਲ ਜਗ੍ਹਾਂ ਪਿੰਡ ਗਦਾਈਪੁਰ ਵਿਖੇ ਨਿਸ਼ਚਿਤ ਕੀਤੀ ਗਈ ਸੀ। ਪਟਵਾਰੀ ਦੀ ਰਿਪੋਰਟ ਅਨੁਸਾਰ ਇਹ ਰਕਬਾ 62 ਕਨਾਲ 2 ਮਰਲੇ ਮਸ਼ਤਰਕਾ ਮਾਲਕਾਨ ਹੈ ਅਤੇ ਨਗਰ ਨਿਗਮ,ਜਲੰਧਰ ਨੂੰ ਵੈਸਟ ਕਰਦੀ ਹੈ।

ਇਸ ਪ੍ਰੋਜੈਕਟ ਦੀ ਪ੍ਰਵਾਨਗੀ ਮਾਨਯੋਗ ਹਾਊਸ ਜਲੰਧਰ ਪਾਸੋਂ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਗਈ ਸੀ। ਹੁਣ ਉਪਰੋਕਤ ਰਿਪੋਰਟ ਅਨੁਸਾਰ ਇਸ ਲੈਂਡ ਦੀ ਕੰਨਫਰਮੈਸ਼ਨ ਦਫ਼ਤਰ ਜਲੰਧਰ ਸਮਾਰਟ ਸਿਟੀ ਲਿਮਟਿਡ ਨੂੰ ਦਿੱਤੀ ਜਾਣੀ ਹੈ, ਇਸ ਲਈ ਇਸ ਪ੍ਰੋਜੈਕਟ ਦੀ ਦਫ਼ਤਰੀ ਤਜਵੀਜ ਨੂੰ ਮਾਨਯੋਗ ਹਾਊਸ ਦੀ ਕੰਨਫਰਮੈਸ਼ਨ ਅਤੇ ਸਹਿਮਤੀ ਲਈ ਰੈਗੂਲਰ ਏਜੰਡੇ ਵਿੱਚ ਪ੍ਰਵਾਨ ਕਰਵਾਉਣਾ ਜਰੂਰੀ ਹੈ।

ਇਸ ਲਈ ਕੇਸ ਪਿੰਡ ਗਦਾਈਪੁਰ ਵਿੱਚ ਸਲਾਟਰ ਹਾਊਸ ਦੀ ਤਜਵੀਜ, ਕੰਨਫਰਮੈਸ਼ਨ ਅਤੇ ਜਗ੍ਹਾ ਉਪਲਬੱਧ ਕਰਵਾਉਣ ਲਈ ਅਤੇ ਸਮਾਰਟ ਸਿਟੀ ਅਧੀਨ ਕਰਵਾਉਣ ਲਈ ਤਜਵੀਜ ਰੈਗੂਲਰ ਏਜੰਡੇ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਲਿਖਿਆ ਗਿਆ ਹੈ ਕਿ ਸਲਾਟਰ ਹਾਊਸ ਦੀ ਉਸਾਰੀ ਲਈ ਡੀ.ਪੀ.ਆਰ. ਨੂੰ ਜਲੰਧਰ ਸਮਾਰਟ ਸਿਟੀ ਲਿਮਿਟਡ ਨੂੰ ਹੈਂਡ ਓਵਰ ਕਰਨ ਹਿੱਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਕਮਿਸ਼ਨਰ ਜੀ ਨੇ ਮਿਤੀ 23.5.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-57

ਵਿਸ਼ਾ:- ਪਲਾਜ਼ਾ ਚੌਂਕ ਜਲੰਧਰ ਵਿਖੇ ਟੋਆਇਲਟ ਬਲਾਕ ਬਨਾਉਣ ਲਈ ਜੇ.ਡੀ.ਏ. ਤੋਂ ਐਨ.ਓ.ਸੀ. ਲੈਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਮਿਤੀ : 7.05.2018 ਕਿ ਨਗਰ ਨਿਗਮ, ਜਲੰਧਰ ਵੱਲੋਂ ਸ਼ਹਿਰ ਵਿੱਚ ਵੱਖ-ਵੱਖ ਜਗ੍ਹਾਂ ਤੇ 34 ਨੰਬਰ ਸੁਲਭ ਟੋਆਇਲਟ ਬਣਾਏ ਜਾਣੇ ਹਨ ਅਤੇ ਇਹ ਕੰਮ ਸੁਲਭ ਇੰਟਰਨੈਸ਼ਨਲ ਸੋਸ਼ਲ ਸਰਵਿਸ ਔਰਗੇਨਾਈਜੇਸ਼ਨ ਵੱਲੋਂ ਕੀਤਾ ਜਾ ਰਿਹਾ ਹੈ। ਇਸ ਕੰਮ ਵਿੱਚ ਇੱਕ ਟੋਆਇਲਟ ਨਜ਼ਦੀਕ ਪੀ.ਏ.ਪੀ. ਚੌਂਕ ਵਿੱਚ ਬਣਾਇਆ ਜਾਣਾ ਸੀ ਜੋ ਕਿ ਇੰਡੀਅਨ ਆਇਲ ਕਾਰਪੋਰੇਸ਼ਨ ਤੋਂ ਮਿਲੇ ਫੰਡ ਨਾਲ ਬਣਾਇਆ ਜਾਣਾ ਹੈ। ਮਾਨਯੋਗ ਐਮ.ਐਲ.ਏ. ਹਲਕਾ ਸੈਂਟਰਲ ਅਤੇ ਮੇਅਰ ਸਾਹਿਬ ਜੀ ਵੱਲੋਂ ਪੀ.ਏ.ਪੀ ਵਿੱਚ ਟੋਆਇਲਟ ਬਲਾਕ ਨੂੰ ਬਦਲ ਕੇ ਨਜ਼ੀਦਕ ਪਲਾਜ਼ਾ ਚੌਂਕ ਵਿਖੇ ਬਨਾਉਣ ਬਾਰੇ ਕਿਹਾ ਗਿਆ ਹੈ। ਪੀ.ਏ.ਪੀ. ਚੌਂਕ ਵਿੱਚ ਜੋ ਟੋਆਇਲਟ ਬਲਾਕ ਬਣਾਇਆ ਜਾਣਾ ਹੈ, ਉਹ ਪੰਜ ਸੀਟਰ ਹੈ, ਪਰ ਪਲਾਜ਼ਾ ਚੌਂਕ ਵਿਖੇ ਜੋ ਟੋਆਇਲਟ ਬਲਾਕ ਬਣਾਇਆ ਜਾਣਾ ਹੈ ਉਸ ਵਾਸਤੇ 15'×24' ਜਗ੍ਹਾਂ ਦੀ ਜਰੂਰਤ ਹੈ। ਟੋਆਇਲਟ ਬਲਾਕ ਬਨਾਉਣ ਲਈ ਨਗਰ ਨਿਗਮ, ਜਲੰਧਰ ਦੇ ਪੱਤਰ ਨੰ: ਸੀ.ਈ/ਡੀ/286 ਮਿਤੀ: 02/05/2018 ਰਾਹੀਂ ਜੇ.ਡੀ.ਏ ਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਗਿਆ ਸੀ। ਇਸ ਸਬੰਧੀ ਮਿਤੀ:04/05/2018 ਨੂੰ ਜੇ.ਡੀ.ਏ ਵੱਲੋਂ ਆਪਣੇ ਦਫ਼ਤਰ ਵਿੱਚ ਇਸ ਪ੍ਰੋਜੈਕਟ ਦੇ ਸਬੰਧਤ ਅਧਿਕਾਰੀ ਨੂੰ ਬੁਲਾਇਆ ਗਿਆ ਸੀ। ਮੀਟਿੰਗ ਵਿੱਚ ਜੇ.ਡੀ.ਏ ਦੇ ਉੱਚ ਅਧਿਕਾਰੀ ਵੱਲੋਂ ਪਲਾਜ਼ਾ ਚੌਂਕ ਵਿਖੇ ਜੋ ਟੋਆਇਲਟ ਬਲਾਕ ਬਣਾਇਆ ਜਾਣਾ ਹੈ ਉਸ ਸਬੰਧੀ ਕਿਹਾ ਗਿਆ ਹੈ ਕਿ ਨਗਰ ਨਿਗਮ, ਜਲੰਧਰ ਵੱਲੋਂ ਇੱਕ ਅੰਡਰ ਟੇਕਿੰਗ ਦਿੱਤੀ ਜਾਣੀ ਹੈ। ਇਹ ਅੰਡਰ ਟੈਕਿੰਗ ਜੇ.ਡੀ.ਏ. ਨੂੰ ਦੇਣ ਦੀ ਮੰਜ਼ੂਰੀ ਦਿੱਤੀ ਜਾਵੇ ਤਾਂ ਜੋ ਪਲਾਜ਼ਾ ਚੌਂਕ ਵਿਖੇ ਟੋਆਇਲਟ ਬਲਾਕ ਦੀ ਉਸਾਰੀ ਸ਼ੁਰੂ ਕਰਵਾਈ ਜਾਵੇ ਅਤੇ ਭਵਿੱਖ ਵਿੱਚ ਕੋਈ ਪ੍ਰੇਸ਼ਾਨੀ ਨਾ ਹੋਵੇ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਲਿਖਿਆ ਹੈ ਕਿ ਨਗਰ ਨਿਗਮ ਵਲੋਂ ਜੇ.ਡੀ.ਏ. ਨੂੰ ਦਿੱਤੀ ਜਾਣ ਵਾਲੀ ਅੰਡਰਟੇਕਿੰਗ ਲਈ ਸ੍ਰੀ ਰਜਨੀਸ਼ ਡੋਗਰਾ, ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੂੰ ਅਧਿਕਾਰਤ ਕੀਤਾ ਜਾਵੇ ਅਤੇ ਉਹਨਾਂ ਇਹ ਵੀ ਲਿਖਿਆ ਹੈ ਕਿ ਇਹ ਸਾਈਟ ਜੇ.ਡੀ.ਏ. ਦੀ ਮਲਕੀਅਤ ਹੋਵੇਗੀ ਅਤੇ ਭਵਿੱਖ ਵਿੱਚ ਜੇਕਰ ਜੇ.ਡੀ.ਏ. ਦੀ ਕੋਈ ਪਲਾਨਿੰਗ ਵਿੱਚ ਇਹ ਟਾਇਲੈਟ ਬਲਾਟ ਆਉਂਦਾ ਹੈ ਤਾਂ ਉਹ ਇਸ ਨੂੰ ਗਿਰਾ ਸਕਦੀ ਹੈ । ਜਿਸ ਤੇ ਮਾਣਯੋਗ ਕਮਿਸ਼ਨਰ ਜੀ ਨੇ ਮਿਤੀ 7.05.2018 ਰਾਹੀ ਲਿਖਿਆ ਹੈ ਕਿ ਹਾਊਸ ਵਿੱਚ ਕਾਰਣ ਵਿਚਾਰਿਆ ਜਾਵੇ । ਮਾਣਯੋਗ ਮੇਅਰ ਜੀ ਨੇ ਮਿਤੀ : 11.05.2018 ਰਾਹੀ ਉਕਤ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜਵੀਜ਼ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-58

ਵਿਸ਼ਾ:- ਜਲੰਧਰ ਸ਼ਹਿਰ ਅੰਦਰ ਸੜਕ ਉਪਰ ਫੁੱਟ ਓਵਰ ਬ੍ਰਿਜ ਬਨਾਉਣ ਦੀ ਤਜਵੀਜ ਦੇ ਸਬੰਧ ਵਿੱਚ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨੀਅਰ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੇਅਰ ਨਗਰ ਨਿਗਮ ਜਲੰਧਰ, ਕਮਿਸ਼ਨਰ ਨਗਰ ਨਿਗਮ ਜਲੰਧਰ ਅਤੇ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ.) ਨਾਲ ਮੀਟਿੰਗ ਦੌਰਾਨ ਜਲੰਧਰ ਸ਼ਹਿਰ ਅੰਦਰ ਆਮ ਪਬਲਿਕ ਨੂੰ ਰੋਡ ਕਰੋਸਿੰਗ ਕਰਨ ਲਈ ਸਹੂਲਤ ਦੇਣ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਹੈ ਅਤੇ ਅਤਿ ਜਰੂਰੀ ਥਾਵਾਂ ਉਪਰ ਫੁੱਟ ਓਵਰ ਬ੍ਰਿਜ ਬਨਾਉਣ ਲਈ ਦਿਸ਼ਾ-ਨਿਰਦੇਸ਼ ਪ੍ਰਾਪਤ ਹੋਏ ਹਨ। ਉਪਰੋਕਤ ਦਿਸ਼ਾ-ਨਿਰਦੇਸ਼ ਅਨੁਸਾਰ ਸਰਵੇ ਕੀਤਾ ਗਿਆ ਜਿਸ ਅਨੁਸਾਰ ਲਾਇਲਪੁਰ ਖਾਲਸਾ ਕਾਲੇਜ ਜਲੰਧਰ (ਫਾਰ ਮੈਨ), ਲਾਇਲਪੁਰ ਖਾਲਸਾ ਕਾਲੇਜ (ਫਾਰ ਵੂਮੈਨ) ਵਪਾਰਿਕ ਅਧਾਰੇ, ਸ਼ਕਤੀ ਸਦਨ ਅਤੇ ਹੋਰ ਵਿੱਦਿਅਕ ਅਧਾਰੇ ਹਨ, ਜਿਸ ਕਾਰਣ ਇਸ ਸੜਕ ਉਪਰ ਰੋਡ ਕਰੋਸਿੰਗ ਪਬਲਿਕ ਵੱਲੋਂ ਆਮ ਤੌਰ ਤੇ ਕੀਤੀ ਦੇਖੀ ਜਾਂਦੀ ਹੈ। ਇਸ ਜਗ੍ਹਾਂ ਉਪਰ ਕਈ ਸੜਕ ਦੁਰਘਟਨਾਵਾਂ ਹੋਈਆਂ ਹਨ ਅਤੇ ਭਵਿੱਖ ਵਿੱਚ ਹੋਰ ਦੁਰਘਟਨਾਵਾਂ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਇਸ ਸਬੰਧੀ ਕਮਿਸ਼ਨਰ ਪੁਲਿਸ ਜਲੰਧਰ ਵੱਲੋਂ ਕਮਿਸ਼ਨਰ ਨਗਰ ਨਿਗਮ, ਜਲੰਧਰ ਜੀ ਨੂੰ ਪੱਤਰ ਨੰ:109301 ਮਿਤੀ:04/10/2016 ਰਾਹੀਂ ਉਪਰੋਕਤ ਵਿਸ਼ੇ ਤੇ ਕੀਤੀ ਗਈ ਕਾਰਵਾਈ ਸਬੰਧੀ ਸੂਚਿਤ ਕਰਨ ਲਈ ਲਿਖਿਆ ਹੈ ਕਿਉਂ ਜੋ ਇਸ ਸਬੰਧ ਵਿੱਚ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਸਿਵਲ ਰਿਟ ਪਟੀਸ਼ਨ ਨੰ:17530/2010 ਵਿਚਾਰ ਅਧੀਨ ਹੈ। ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਵਿਸ਼ੇ ਅਧੀਨ ਸੜਕ ਉਪਰ ਫੁੱਟ ਓਵਰ ਬ੍ਰਿਜ ਬਨਾਉਣਾ ਜਰੂਰੀ ਹੈ। ਇਸ ਤੋਂ ਇਲਾਵਾ ਇਸੇ ਤਰ੍ਹਾ ਹੀ ਜਲੰਧਰ ਸ਼ਹਿਰ ਅੰਦਰ ਹੋਰ ਥਾਵਾਂ ਤੇ ਜਿਥੇ ਕਿ ਆਵਾਜਾਈ/ਰੋਡ ਕਰੋਸਿੰਗ ਜਿਆਦਾ ਹੁੰਦੀ ਹੈ ਉਸ ਜਗ੍ਹਾ ਉਪਰ ਵੀ ਫੁੱਟ ਓਵਰ ਬ੍ਰਿਜ ਦੀ ਉਸਾਰੀ ਕਰਨੀ ਜਰੂਰੀ ਹੈ ਜਿਸ ਸਬੰਧੀ ਸਰਵੇ ਕੀਤਾ ਗਿਆ ਅਤੇ ਅਤਿ ਜਰੂਰੀ ਸਾਇਟਸ ਨੂੰ ਚਿੰਨਹਿੱਤ ਕੀਤਾ ਗਿਆ ਜੋ ਕਿ ਹੇਠ ਲਿਖੇ ਅਨੁਸਾਰ ਹਨ:-

1.	ਜੀ.ਟੀ.ਰੋਡ ਲਾਇਲਪੁਰ ਖਾਲਸਾ ਕਾਲੇਜ ਦੇ ਸਾਹਮਣੇ।	ਰੁ: 2,27,00,000/-
2.	ਡਾ.ਬੀ.ਆਰ.ਅੰਬੇਦਕਰ ਚੌਂਕ ਤੋਂ ਫੁੱਟਬਾਲ ਚੌਂਕ ਦੇ ਵਿਚਕਾਰ।	ਰੁ: 2,27,00,000/-
3.	ਐਚ.ਐਮ.ਵੀ ਕਾਲੇਜ ਦੇ ਸਾਹਮਣੇ।	ਰੁ: 2,27,00,000/-
		ਕੁੱਲ ਲਾਗਤ ਰੁ: 6,81,00,000/-

ਇਨ੍ਹਾਂ ਸਾਇਟਸ ਉਪਰ ਫੁੱਟ ਓਵਰ ਬ੍ਰਿਜ ਸਮੇਤ ਐਸਕੇਲੇਟਰ ਲਾਉਣ ਦੀ ਤਜਵੀਜ ਫਾਇਨਲ ਕੀਤੀ ਜਾਣੀ ਹੈ। ਇਸ ਤਜਵੀਜ ਦੀ ਕੁੱਲ ਲਾਗਤ ਰੁ:6,81,00,000/-ਮਾਰਕਿਟ ਰੇਟ ਅਨੁਸਾਰ ਆਉਣ ਦੀ ਸੰਭਾਵਨਾ ਹੈ। ਇਥੇ ਇਹ ਵੀ ਵਿਚਾਰ ਕਰਨ ਯੋਗ ਹੈ ਕਿ ਇਹ ਫੁੱਟ ਓਵਰ ਬ੍ਰਿਜ ਬਨਾਉਣ ਦਾ ਕੰਮ ਨਗਰ ਨਿਗਮ, ਜਲੰਧਰ ਦੇ ਫੰਡਜ਼ ਰਾਹੀਂ ਜਾਂ ਬੀ.ਉ.ਟੀ. ਬੇਸ ਰਾਹੀਂ ਕਰਵਾਇਆ ਜਾਣਾ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 25.4.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 25.4.18 ਰਾਹੀਂ ਲਿਖਿਆ ਹੈ ਕਿ ਨਿਗਮ ਹਿਤ ਵਿਚ ਬੇਹਤਰ ਹੋਵੇਗਾ ਕਿ ਪੀ.ਪੀ.ਪੀ. ਮੋਡ ਵਿਚ ਕੀਤਾ ਜਾਵੇ। ਜਿਸ ਤੇ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 26.4.18 ਰਾਹੀਂ ਲਿਖਿਆ ਹੈ ਕਿ ਨਿਗਮ ਹਿਤ ਵਿਚ ਪਹਿਲਾਂ ਇਹ ਬੀ.ਓ.ਟੀ. ਬੇਸਿਸ ਤੇ ਕਰਵਾਉਣ ਦੀ ਕਾਰਵਾਈ ਕੀਤੀ ਜਾਵੇ, ਜੇਕਰ ਇਸ ਲਈ ਕੋਈ ਏਜੰਸੀ ਨਹੀਂ ਮਿਲਦੀ ਤਾਂ ਹੀ ਇਹ ਕੰਮ ਨਿਗਮ ਫੰਡਾਂ ਤਹਿਤ ਕਰਵਾਇਆ ਜਾਵੇ। ਕਮਿਸ਼ਨਰ ਜੀ ਨੇ ਮਿਤੀ 26.4.18 ਰਾਹੀਂ ਲਿਖਿਆ ਹੈ ਕਿ ਜੇਕਰ ਬੀ.ਓ.ਟੀ. ਬੇਸਿਸ ਤੇ ਵੀ ਨਹੀਂ ਹੁੰਦਾ ਤਾਂ ਇਹ ਸਮਾਰਟ ਸਿਟੀ ਮਿਸ਼ਨ ਅਧੀਨ ਕਰਵਾਉਣਾ ਯੋਗ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ ਹਾਊਸ ਵਿਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਇਸ ਸਬੰਧੀ ਪਹਿਲਾਂ ਲੀਗਲ ਓਪੀਨਿਅਨ ਲਈ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-59

ਵਿਸ਼ਾ:- ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ ਵਾਸਤੇ ਪਲਾਂਟ ਲਗਾਉਣ ਲਈ 8 ਤੋਂ 10 ਏਕੜ ਜਮੀਨ ਦੀ ਖਰੀਦ ਕਰਨ ਬਾਰੇ।

ਪੜਿਆ ਨੋਟ ਅਸਟੇਟ ਅਫ਼ਸਰ ਕਿ ਉਪਰੋਕਤ ਵਿਸ਼ੇ ਅਧੀਨ ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ ਵਾਸਤੇ ਪਲਾਂਟ ਲਗਾਉਣ ਲਈ 8 ਤੋਂ 10 ਏਕੜ ਜਮੀਨ ਦੀ ਖਰੀਦ ਦੇ ਸਬੰਧ ਵਿੱਚ ਨਗਰ ਨਿਗਮ ਹਾਊਸ ਦੀ ਹੋਈ ਮੀਟਿੰਗ ਮਿਤੀ 05.03.2018 ਵਿੱਚ ਉਪਰੋਕਤ ਵਿਸ਼ੇ ਦੇ ਮਤਾ ਨੰਬਰ 16 ਤੇ ਵਿਚਾਰ ਵਟਾਦਰਾ ਕਰਦੇ ਹੋਏ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:-

ਫੈਸਲਾ:

568	26	Kalawati	SDSD-2	9501851842	NA	Individuals	NA	NA
569	26	Sagar	SDSD-3	9501851842	NA	Individuals	NA	NA
570	26	Ramu	SDSD-4	8427809337	NA	Individuals	NA	NA
571	26	Nagma	SDSD-5	8146243347	NA	Individuals	NA	NA
572	26	Raju	SDSD-6	9646871754	NA	Individuals	NA	NA
573	26	Sada Deb	SDSD-7	9890156816	NA	Individuals	NA	NA
574	11	Hasim	DD-1	9056693309	NA	Individuals	NA	NA
575	11	Jai Dal	DD-2		NA	Individuals	NA	NA
576	11	Naha Dul	DD-3		NA	Individuals	NA	NA
577	12	Varinderpal	DWD-1	9803413471	NA	Individuals	NA	NA
578	12	Sahan	DWD-2	8556902916	NA	Individuals	NA	NA
579	13	Mohammad Alauddin	RMD-1		NA	Individuals	NA	NA

580	13	Najimul Ali	RMD-2	8591426496	NA	Individuals	NA	NA
581	13	Dulal	RMD-3	8591426496	NA	Individuals	NA	NA
582	13	Koli	RMD-4	7347544357	NA	Individuals	NA	NA
583	13	Kalam	RMD-5	9501205659	NA	Individuals	NA	NA
584	13	Amdul	RMD-6	7837562981	NA	Individuals	NA	NA
585	13	Lalbhanu	RMD-7	7837562981	NA	Individuals	NA	NA
586	13	Sahid ali	RMD-8	8288976296	NA	Individuals	NA	NA
587	13	Asik	RMD-9	8968531928	NA	Individuals	NA	NA
588	13	Rahul	RMD-10	8699618856	NA	Individuals	NA	NA
589	13	Tajimul Hossain	RMD-11	9780143028	NA	Individuals	NA	NA
590	13	Sahabuddin	RMD-12		NA	Individuals	NA	NA
591	13	Shainur	RMD-13		NA	Individuals	NA	NA
592	13	Bablu	RMD-14	9876986592	NA	Individuals	NA	NA
593	35	Manoj Kumar	TVSD-1	8968362696	NA	Individuals	NA	NA
594	35	Raj Kumar	TVSD-2	9876756681	NA	Individuals	NA	NA
595	35	Monty	TVSD-3	9988747799	NA	Individuals	NA	NA
596	35	Rinku	TVSD-4	9780466808	NA	Individuals	NA	NA
597	35	Rakesh Kumar	TVSD-5	9888800341	NA	Individuals	NA	NA
598	35	Rakib Md.	TVSD-6	9041346559	NA	Individuals	NA	NA
599	35	Arjun Gill	TVSD-7	9878543444	NA	Individuals	NA	NA

ਮਤਾ ਨੰਬਰ:-63

ਵਿਸ਼ਾ :- 20 ਨਵੇਂ ਸੈਨੀਟੇਸ਼ਨ ਸੁਪਰਵਾਈਜ਼ਰਾ ਦੀ ਪੋਸਟਾ ਦੀ ਰਚਨਾਂ ਕਰਨ ਬਾਰੇ।

ਪੜਿਆ ਨੋਟ ਸਿਹਤ ਅਫ਼ਸਰ ਮਿਤੀ : 20.04.2018 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਵੇਲੇ ਨਗਰ ਨਿਗਮ ਵਿੱਚ 60 ਸੈਨੇਟਰੀ ਸੁਪਰਵਾਈਜ਼ਰਾ ਦੀਆਂ ਪ੍ਰਵਾਨਿਤ ਅਸਾਮੀਆਂ ਹਨ। 2017 ਦੀ ਨਵੀਂ ਵਾਰਡਬੰਦੀ ਹੋਣ ਤੋਂ ਬਾਅਦ ਨਗਰ ਨਿਗਮ ਵਿੱਚ 80 ਵਾਰਡ ਬਣ ਗਏ ਹਨ। ਹਰ ਵਾਰਡ ਵਿੱਚ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾ ਚਲਾਉਣ ਲਈ ਇੱਕ ਅਲੱਗ ਸੁਪਰਵਾਈਜ਼ਰ ਦੀ ਲੋੜ ਪੈਂਦੀ ਹੈ। ਇਸ ਤਰ੍ਹਾਂ ਨਗਰ ਨਿਗਮ ਦੇ 80 ਵਾਰਡ ਬਣਨ ਦੇ ਨਾਲ 20 ਵਾਰਡ ਵੱਧ ਗਏ ਹਨ। ਇਸ ਕਰਕੇ 20 ਹੋਰ ਸੈਨੇਟਰੀ ਸੁਪਰਵਾਈਜ਼ਰਾਂ ਦੀ ਜਰੂਰਤ ਹੈ।

ਉਪਰੋਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਤਜਵੀਜ਼ ਕੀਤੀ ਜਾਂਦੀ ਹੈ ਕਿ 20 ਨਵੇਂ ਸੈਨੇਟਰੀ ਸੁਪਰਵਾਈਜ਼ਰਾਂ ਦੀਆਂ ਪੋਸਟਾ ਦੀ ਰਚਨਾਂ ਕੀਤੀ ਜਾਵੇ ਤਾਂ ਜ਼ੋ ਸਫਾਈ ਵਿਵਸਥਾ ਸੁਚਾਰੂ ਢੰਗ ਨਾਲ ਚਲਾਈ ਜਾ ਸਕੇ। ਇਸ ਸਬੰਧੀ ਅਮਲਾ ਸੁਪਰਡੰਟ ਵੱਲੋ ਮਿਤੀ : 23.04.2018 ਰਾਹੀ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਲਿਖਿਆ ਹੈ ਕਿ ਨਗਰ ਨਿਗਮ, ਜਲੰਧਰ ਵਿੱਚ 20 ਹੋਰ ਸੈਨੇਟਰੀ ਸੁਪਰਵਾਈਜ਼ਰਾ ਦੀਆਂ ਪੋਸਟਾਂ ਦੀ ਰਚਨਾਂ ਕਰਨ ਲਈ ਤਜਵੀਜ਼ ਹਾਊਸ ਵਿੱਚ ਰੱਖਣੀ ਯੋਗ ਹੋਵੇਗੀ। ਕਮਿਸ਼ਨਰ ਜੀ ਨੇ ਮਿਤੀ : 23.04.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਹਿੱਤ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 25.04.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-64

ਵਿਸ਼ਾ :- ਫਾਇਰ ਬ੍ਰਿਗੇਡ ਵਿੱਚ ਫਾਇਰਮੈਨਾਂ ਦੀ ਘਾਟ ਨੂੰ ਪੂਰਾ ਕਰਨ ਲਈ 20 ਫਾਈਰਮੈਨ ਪੈਸਕੋ ਤੋਂ ਲੈਣ ਬਾਰੇ।

ਪੜਿਆ ਨੋਟ ਏ.ਡੀ.ਐਫ.ਓ. ਜਿਸ ਨਾਲ ਵਧੀਕ ਕਮਿਸ਼ਨਰ ਜੀ ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆਂ ਜਾਂਦਾ ਹੈ ਕਿ ਫਾਇਰ ਬ੍ਰਿਗੇਡ ਨਗਰ ਨਿਗਮ, ਜਲੰਧਰ ਵਿੱਚ ਪੈਸਕੋ ਸੰਸਥਾਂ ਦੇ ਪਹਿਲਾ ਹੀ ਡਰਾਈਵਰ ਅਤੇ ਫਾਇਰਮੈਨ ਕੰਨਰੈਕਟ ਦੇ ਅਧਾਰ ਤੇ ਕੰਮ ਕਰ ਰਹੇ ਹਨ। ਫਾਇਰ ਬ੍ਰਿਗੇਡ ਵਿੱਚ ਫਾਇਰਮੈਨਾਂ ਦੀ ਘਾਟ ਨੂੰ ਪੂਰਾ ਕਰਨ ਲਈ 20 ਫਾਇਰਮੈਨ ਪੈਸਕੋ ਤੋਂ ਲੈਣ ਬਾਰੇ ਨਗਰ ਨਿਗਮ, ਹਾਊਸ ਵੱਲੋ ਮਤਾ ਨੰਬਰ 8 ਮਿਤੀ : 6.09.2017 ਪ੍ਰਵਾਨ ਕੀਤਾ ਗਿਆ ਸੀ। ਜਿਸ ਦੀ ਸਥਾਨਕ ਸਰਕਾਰ ਵੱਲੋ ਆਪਣੇ ਪੱਤਰ ਨੰ: ਸ7-ਡਸਸ-ਮਸਸ-(ਫਾਇਰ)-2017/78571 ਮਿਤੀ : 27.12.2017 ਰਾਹੀ 20 ਫਾਇਰਮੈਨ ਪੈਸਕੋ ਰਾਹੀ 6 ਮਹੀਨੇ ਲਈ ਰੱਖਣ ਲਈ ਪ੍ਰਵਾਨਗੀ ਦਿੱਤੀ ਗਈ ਸੀ। ਇਸ ਤਰ੍ਹਾਂ 6 ਮਹੀਨੇ ਦਾ ਸਮਾਂ 30 ਜੂਨ 2018 ਨੂੰ ਖਤਮ ਹੋ ਗਿਆ ਹੈ। ਫਾਇਰ ਬ੍ਰਿਗੇਡ ਦੀ ਸਟਾਫ ਦੀ ਘਾਟ ਨੂੰ ਮੁੱਖ ਰੱਖਦੇ ਹੋਏ ਪੈਸਕੋ ਤੋਂ ਰੱਖੇ ਗਏ ਫਾਇਰਮੈਨ ਅਗਲੇ ਇੱਕ ਸਾਲ ਤੱਕ ਜਿਹੜਾ ਕਿ ਮਿਤੀ : 1.07.2018 ਤੋਂ 30.06.2019 ਤੱਕ ਦੇ ਸਮੇਂ ਦਾ ਵਾਧਾ ਕਰਨ ਲਈ ਉੱਚ ਅਧਿਕਾਰੀਆਂ ਦੀ ਸਹਿਮਤੀ ਉਪਰੰਤ ਸਥਾਨਕ ਸਰਕਾਰ ਦੀ ਪ੍ਰਵਾਨਗੀ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਲਈ ਤਜਵੀਜ਼ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ : 24.5.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਹਿੱਤ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 21.6.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-65

ਵਿਸ਼ਾ:- ਸੀਵਰ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 10 ਸੀਵਰਮੈਨ ਮਿਤੀ 04/2018 ਤੋਂ ਲੈ ਕੇ 03/2019 ਤੱਕ ਡੀ.ਸੀ.ਰੇਟ ਤੇ ਰੱਖਣ ਲਈ ਤਖਮੀਨੇ ਦੀ ਪ੍ਰਵਾਨਗੀ ਬਾਰੇ।

ਤਖਮੀਨਾ ਰੁਪਏ 11,96,160/-

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 20.04.18 ਰਾਹੀਂ ਬਿੱਲ ਕਲਰਕ (ਓ.ਐਂਡ.ਐਮ ਸ਼ਾਖਾ) ਅਤੇ ਸੁਪਰਡੰਟ (ਓ.ਐਂਡ.ਐਮ ਸ਼ਾਖਾ) ਦੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਲਿਖਿਆ ਹੈ ਕਿ ਨਗਰ ਨਿਗਮ ਜਲੰਧਰ ਵਲੋਂ ਮਾਨਯੋਗ ਹਾਊਸ ਦੇ ਮਤਾ ਨੰ: 86 ਮਿਤੀ 05-12-2016 ਰਾਹੀਂ 180 ਸੀਵਰਮੈਨਾਂ ਨੂੰ ਪੱਕਾ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਜਿਸ ਨੂੰ ਸਥਾਨਕ ਸਰਕਾਰ ਦੇ ਪੱਤਰ ਨੰ:ਸ5-ਡਸਸ-ਮਸਸ- 17/31102 ਮਿਤੀ 06-06-2017 ਰਾਹੀਂ ਮਤਾ ਨੰ:86 ਨੂੰ ਸਥਾਨਕ ਸਰਕਾਰ ਦੇ ਪੱਤਰ ਨੰ:ਸ1-ਜਬ-ਡਸਸ-2016/ 65006-021 ਮਿਤੀ 30-12-2016 ਰਾਹੀਂ ਕੱਚੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਜਿਹਨਾ ਵਿੱਚੋ 10 ਕੱਚੇ ਸੀਵਰਮੈਨਾਂ ਨੂੰ ਕੁਝ ਕਾਰਣਾ ਕਰਕੇ ਅਜੇ ਤੱਕ ਰੈਗੂਲਰ ਨਹੀਂ ਕੀਤਾ ਗਿਆ ਹੈ।

ਸੀਵਰ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ 10 ਸੀਵਰਮੈਨ ਮਿਤੀ 04/2018 ਤੋਂ ਲੈ ਕਿ 03/2019 ਤੱਕ ਡੀ.ਸੀ ਰੇਟ ਤੇ ਰੱਖਣ ਲਈ ਅਨੁਮਾਨਤ ਤਖਮੀਨਾਂ ਰੁਪਏ 11,96,160/-ਤਿਆਰ ਕੀਤਾ ਗਿਆ ਹੈ। ਕਾਰਜਕਾਰੀ ਇੰਜੀਨੀਅਰ ਦੀ ਰਿਪੋਰਟ ਤੇ ਨਿਗਰਾਨ ਇੰਜੀਨੀਅਰ ਓ.ਐਂਡ.ਐਮ ਨੇ ਤਜਵੀਜ ਹਾਊਸ ਵਿਚ ਵਿਚਾਰਣ ਲਈ ਸ਼ਿਫਾਰਸ਼ ਕੀਤੀ ਹੈ ।ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 20.04.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 20.04.18 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-66

ਵਿਸ਼ਾ :- ਸਫਾਈ ਕਰਮਚਾਰੀਆਂ ਦੀ ਭਰਤੀ ਕਰਨ ਸਬੰਧੀ।

ਪੜਿਆ ਨੋਟ ਸਿਹਤ ਅਫ਼ਸਰ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਸਮੇਂ ਨਗਰ ਨਿਗਮ, ਵਿੱਚ 2264 ਪ੍ਰਵਾਨਿਤ ਅਸਾਮੀਆਂ ਸਫਾਈ ਕਰਮਚਾਰੀਆਂ ਦੀਆਂ ਹਨ। ਇਸ ਪ੍ਰਵਾਨਿਤ ਅਸਾਮੀਆਂ ਪਿਛਲੇ 2009 ਤੋਂ ਹਨ। ਨਗਰ ਨਿਗਮ ਦੇ 60 ਤੋਂ 80 ਵਾਰਡ 2018 ਵਿੱਚ ਹੋ ਗਏ ਹਨ। ਇਹਨ੍ਹਾਂ ਵਿੱਚ ਕੁੱਝ ਵਾਰਡ ਅਜਿਹੇ ਬਣੇ ਹਨ। ਜਿਨ੍ਹਾਂ ਦੀਆਂ ਬਿੱਟਾਂ ਤੇ ਕੋਈ ਵੀ ਸਫਾਈ ਕਰਮਚਾਰੀ ਕੰਮ ਨਹੀਂ ਕਰ ਰਿਹਾ ਹੈ। ਇਸ ਤਰ੍ਹਾਂ ਇਨ੍ਹਾਂ ਨਵੇ ਵਾਰਡਾ ਵਿੱਚ ਕੁੱਝ ਏਰੀਏ ਜਿਵੇਂ ਕਿ ਇੰਮਪੂਰਵਮੈਂਟ ਟਰੱਸਟ ਦੀਆਂ ਕਲੋਨੀਆਂ ਸੂਰਯਾ ਇਨਕਲੇਵ, ਸੂਰਯਾ ਵਿਹਾਰ, ਪੂਡਾ ਦੀਆਂ ਕਲੋਨੀਆਂ ਸ਼ਾਮਲ ਹਨ। ਜਿਨ੍ਹਾਂ ਵਿੱਚ ਕੋਈ ਵੀ ਸਰਕਾਰੀ ਕਰਮਚਾਰੀ ਕੰਮ ਨਹੀਂ ਕਰ ਰਿਹਾ ਹੈ। 60 ਤੋਂ 80 ਵਾਰਡ ਬਨਣ ਤੇ ਇਹ ਸਾਰਾ ਇਲਾਕਾ ਵੀ ਨਵੀਂ ਵਾਰਡਬੰਦੀ ਤੋਂ ਬਾਅਦ ਨਗਰ ਨਿਗਮ, ਦੇ ਵਾਰਡਾਂ ਦੇ ਵਿੱਚ ਸ਼ਾਮਲ ਹੋ ਗਿਆ ਹੈ। ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਤੋ ਬਾਅਦ ਇਨ੍ਹਾਂ ਵਾਰਡਾ ਵਿੱਚ ਵੀ ਲੱਗਭੱਗ 10 ਸਫਾਈ ਕਰਮਚਾਰੀ ਸ਼ਹਿਰ ਦੇ ਵਾਰਡਾ ਵਿੱਚੋ ਕੱਢ ਕੇ ਨਵੇਂ ਵਾਰਡਾ ਦੇ ਵਿੱਚ ਦੇਣੇ ਪਏ ਹਨ। ਜਿਸ ਵੱਜੋ ਜਿੱਥੇ ਨਵੇ ਵਾਰਡਾਂ ਦੀਆਂ ਬਿੱਟਾਂ ਵਿੱਚ ਹੋਰ ਸਫਾਈ ਕਰਮਚਾਰੀ ਦੇਣ ਦੀ ਜਰੂਰਤ ਹੈ। ਉੱਥੇ ਹੀ ਪੁਰਾਣੇ ਵਾਰਡਾ ਵਿੱਚੋ ਖਾਲੀ ਹੋਈਆਂ ਬਿੱਟਾਂ ਤੇ ਵੀ ਨਵੇਂ ਸਫਾਈ ਕਰਮਚਾਰੀ ਰੱਖੇ ਜਾਣ ਦੀ ਜਰੂਰਤ ਹੈ। ਇਸ ਤਰ੍ਹਾਂ ਘੱਟੋ ਘੱਟ ਹਰ ਵਾਰਡ ਵਿੱਚ 15 ਤੋਂ 20 ਸਫਾਈ ਕਰਮਚਾਰੀ ਨਵੇਂ ਵਾਰਡਾਂ ਦੇ ਵਿੱਚ ਹੋਣੇ ਜਰੂਰੀ ਹਨ। ਇਸ ਵੇਲੇ 2264 ਪ੍ਰਵਾਨਿਤ ਅਸਾਮੀਆਂ ਤੇ 2000 ਤੇ ਲੱਗਭੱਗ ਸਫਾਈ ਕਰਮਚਾਰੀ ਕੰਮ ਕਰ ਰਹੇ ਹਨ। ਅਗਲੇ 2-3 ਸਾਲਾਂ ਵਿੱਚ 50 ਦੇ ਲਗਭੱਗ ਕਰਮਚਾਰੀ ਰਿਟਾਇਰ ਵੀ ਹੋ ਰਹੇ ਹਨ। ਇਸ ਤਰ੍ਹਾਂ ਲੱਗਪੱਗ 264 ਅਸਾਮੀਆਂ ਸਫਾਈ ਕਰਮਚਾਰੀਆਂ ਦੀਆਂ ਪ੍ਰਵਾਨਿਤ ਅਸਾਮੀਆਂ ਵਿੱਚੋ ਖਾਲੀ ਹਨ।

ਇਸ ਕਰਕੇ ਹਾਲ ਦੀ ਘੜੀ ਅਗਰ ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਹੈ ਤਾਂ ਤਜਵੀਜ਼ ਕੀਤੀ ਜਾਂਦੀ ਹੈ ਕਿ 200 ਦੇ ਲੱਗਭੱਗ ਸਫਾਈ ਕਰਮਚਾਰੀ ਪ੍ਰਵਾਨਿਤ ਪੋਸਟਾ ਵਿੱਚੋ ਰੱਖੇ ਜਾਣ ਜੀ।ਅਮਲਾ ਸੁਪਰਡੰਟ ਵਲੋਂ ਮਿਤੀ 23.4.2018 ਰਾਹੀਂ 200 ਖ਼ਾਲੀ ਆਸਾਮੀਆਂ ਭਰਨ ਲਈ ਹਾਊਸ ਦੀ ਪ੍ਰਵਾਨਗੀ ਲੈਣ ਲਈ ਤਜ਼ਵੀਜ਼ ਕੀਤਾ ਹੈ । ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 23.04.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 21.6.18 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਰੱਦ ਕੀਤੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਨਗਰ ਨਿਗਮ ਜਲੰਧਰ ਹਾਊਸ ਵਲੋ ਪਹਿਲਾਂ ਹੀ ਆਪਣੇ ਮਤਾ ਨੰ: 176 ਮਿਤੀ 5.12.2016 ਰਾਹੀਂ 535 ਸਫਾਈ ਕਰਮਚਾਰੀ ਰੱਖਣ ਸਬੰਧੀ ਪ੍ਰਵਾਨਗੀ ਦਿੱਤੀ ਹੋਈ ਹੈ, ਇਸ ਲਈ ਉਸੇ ਅਨੁਸਾਰ ਸਫਾਈ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-67

ਵਿਸ਼ਾ :- ਸਾਲ 2018-2019 ਵਾਸਤੇ ਰਿਕਸ਼ਾਂ/ਟਾਂਗਾ ਸ਼ਾਖਾ ਲਈ ਨਵੀਆਂ ਨੰਬਰਿੰਗ ਪਾਸਿੰਗ ਪਲੇਟਾਂ ਦੀ ਖਰੀਦ ਕਰਨ ਸਬੰਧੀ।

ਪੜਿਆ ਨੋਟ ਸੁਪਰਡੰਟ ਤਹਿਬਜ਼ਾਰੀ ਜਿਸ ਨਾਂਲ ਸੰਯੁਕਤ ਕਮਿਸ਼ਨਰ (ਐਸ) ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਜਲੰਧਰ ਵੱਲੋ ਰਿਕਸ਼ਾਂ/ਟਾਂਗਾ ਦਾ ਬਜਟ ਰੁਪਏ 5 ਲੱਖ ਸਾਲ 2018-2019 ਲਈ ਰੱਖਿਆ ਗਿਆ ਹੈ। ਇਸ ਲਈ ਬਜਟ ਦੇ ਟੀਚੇ ਨੂੰ ਪੂਰਾ ਕਰਨ ਲਈ ਹੇਠ ਲਿਖਿਆ ਨਵੀਆਂ ਪਾਸਿੰਗ ਨੰਬਰਿੰਗ ਪਲੇਟਾਂ ਬਣਾਉਣ ਦੀ ਲੋੜ ਹੈ ਜੀ।

ਪਲੇਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ :-

1.	ਰਿਕਸ਼ਾ	6000
2.	ਬੀ.ਐਚ.ਸੀ	4000
3.	ਆਰ.ਸੀ	2000
4.	ਐਲ.ਸੀ	100
5.	ਟਾਂਗਾ	20
	ਕੁੱਲ	12120

ਉੱਪਰ ਲਿੱਖੀਆਂ ਕੁੱਲ ਨਵੀਆਂ 12120 ਰੁਪਏ ਪਲੇਟਾਂ ਦੀ ਖਰੀਦ ਕਰਨ ਤੇ ਅੰਦਾਜਨ ਖਰਚ 6/- ਪ੍ਰਤੀ ਦੇ ਹਿਸਾਬ ਨਾਲ ਰੁਪਏ 73000/- ਆਵੇਗਾ ਜੀ ਅਤੇ ਨਗਰ ਨਿਗਮ ਨੂੰ ਰੁਪਏ 8,00,000 ਆਮਦਨ ਹੋਵੇਗੀ ਜੀ। ਇਹ ਰੇਟ ਮਾਰਕਿਟ ਵਿੱਚੋਂ ਤਿੰਨ ਕੁਟੇਸ਼ਨਾਂ ਲੈਣ ਉਪਰੰਤ ਸਭ ਤੋਂ ਘੱਟ ਰੇਟ 6/-ਪ੍ਰਤੀ ਪਲੇਟ ਦੇ ਹਿਸਾਬ ਨਾਂਲ ਤਖ਼ਮੀਨਾ ਤਿਆਰ ਕੀਤਾ ਗਿਆ ਹੈ ।ਪਲੇਟਾਂ ਦਾ ਸਾਈਜ਼ 6×4 ਹੋਵੇਗਾ ਅਤੇ ਪਲੇਟਾਂ ਦਾ ਗਰਾਊਂਡ ਰੰਗ ਪੀਲਾ ਅਤੇ ਉੱਪਰ ਅੱਖਰ ਕਾਲੇ ਰੰਗ ਦੇ ਨਾਲ ਲਿਖੇ ਹੋਣਗੇ ਜੀ।ਜੇਕਰ ਆਪ ਜੀ ਦੀ ਸਹਿਮਤੀ ਹੋਵੇ ਤਾਂ ਸਟੋਰ ਕੀਪਰ (ਜ਼) ਕੋਲ ਇਹ ਪਲੇਟਾ ਖਰੀਦ ਕਰਨ ਲਈ ਹੁਕਮ ਕੀਤੇ ਜਾਣ ਜੀ। । ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 6.6.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਨਾਲ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-68

ਵਿਸ਼ਾ:- ਡਾ.ਬੀ.ਆਰ ਅੰਬੇਦਕਰ ਕੰਪਲੈਕਸ ਵਿਖੇ 2 ਛੋਟੀਆਂ ਲਿਫਟਾਂ ਦੀ ਰਿਪੇਅਰ ਅਤੇ ਏ.ਐਮ.ਸੀ. ਕਰਵਾਉਣ ਸਬੰਧੀ।

ਪੜਿਆ ਦਫ਼ਤਰੀ ਨੋਟ ਬੀ.ਐਂਡ.ਆਰ ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨੀਅਰ ਬੀ.ਐਂਡ.ਆਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਵਿੱਚ ਕੁੱਲ 4 ਲਿਫਟਾਂ ਹਨ ਅਤੇ ਇਹ ਲਿਫਟਾਂ ਕੋਨੇ ਕੰਪਨੀ ਵੱਲੋਂ ਲਗਾਈਆ ਗਈਆਂ ਹਨ।ਇਹਨਾਂ ਵਿੱਚੋ 2 ਲਿਫਟਾਂ ਸਹੀ ਢੰਗ ਨਾਲ ਚੱਲ ਰਹੀਆਂ ਹਨ, ਪਰ 2 ਛੋਟੀਆਂ ਲਿਫਟਾਂ ਲਗਭਗ ਪਿਛਲੇ 7 ਸਾਲਾਂ ਤੋਂ ਖਰਾਬ ਹਨ। ਜਿਸ ਕਾਰਣ ਆਮ ਪਬਲਿਕ ਅਤੇ ਨਗਰ ਨਿਗਮ ਦੇ ਕਰਮਚਾਰੀਆਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਹਨਾਂ ਖਰਾਬ ਲਿਫਟਾਂ ਨੂੰ ਚਾਲੂ ਹਾਲਤ ਵਿੱਚ ਕਰਨ ਲਈ ਮਾਨਯੋਗ ਮੇਅਰ ਜੀ ਅਤੇ ਕਮਿਸ਼ਨਰ ਜੀ ਵੱਲੋਂ ਜੁਬਾਨੀ ਹੁਕਮ ਕੀਤੇ ਗਏ ਹਨ।ਕਿਉ ਜੋ ਇਹ ਲਿਫਟਾਂ ਕੋਨੇ ਕੰਪਨੀ ਵੱਲੋਂ ਲਗਾਈਆ ਗਈਆਂ ਹਨ, ਇਸ ਲਈ ਲਿਫਟਾਂ ਦਾ ਕੋਈ ਵੀ ਮਟੀਰੀਅਲ/ਪਾਰਟਸ ਮਾਰਕਿਟ ਵਿੱਚ ਉਪਲਬੱਧ ਨਹੀ ਹੈ ਜਿਸ ਕਾਰਣ ਲਿਫਟਾਂ ਦੀ ਰਿਪੇਅਰ ਆਦਿ ਨਾਲ ਸਬੰਧੀ ਕੰਮ ਲਈ ਕੰਪਨੀ ਨਾਲ ਸੰਪਰਕ ਕੀਤਾ ਗਿਆ ਅਤੇ ਕੰਪਨੀ ਵੱਲੋਂ ਇਹਨ੍ਹਾਂ ਦੋਵੇਂ ਛੋਟੀਆਂ ਲਿਫਟਾਂ ਦੀ ਰਿਪੇਅਰ ਲਈ ਰੁ: 7,20,674/- ਦਾ ਐਸਟੀਮੇਟ ਦਿੱਤਾ ਗਿਆ ਹੈ।

ਇਥੇ ਇਹ ਵੀ ਦੱਯਣਯੋਗ ਹੈ ਕਿ ਕੰਪਨੀ ਨੇ ਜੋ ਰਿਪੇਅਰ ਦਾ ਐਸਟੀਮੇਟ ਦਿੱਤਾ ਹੈ ਉਹ ਪਰਲਿਮਨਰੀ ਇਨਸਪੈਕਸ਼ਨ ਦੇ ਅਧਾਰ ਤੇ ਦਿੱਤਾ ਹੈ।ਕੰਪਨੀ ਵੱਲੋਂ ਇਹ ਕਿਹਾ ਗਿਆ ਹੈ ਕਿ ਰਿਪੇਅਰ ਦੇ ਦੌਰਾਨ ਪਾਰਟਸ ਪਾਉਣ ਤੋਂ ਬਾਅਦ ਵਿੱਚ ਵੀ ਲਿਫਟਾਂ ਚੱਲਣ ਵਿੱਚ ਕੋਈ ਮੁਸ਼ਕਲ ਆ ਸਕਦੀ ਹੈ, ਕਿਉ ਜੋ ਇਲਟਰੋਨਿਕ ਪਾਰਟਸ ਖਰਾਬ ਹੋਣ ਜਾਂ ਨਾ ਹੋਣ ਦਾ ਪਤਾ ਲਿਫਟਾਂ ਨੂੰ ਚਲਾਉਣ ਤੇ ਹੀ ਪਤਾ ਚੱਲੇਗਾ।ਇਸ ਲਈ ਐਸਟੀਮੇਟ ਵਿੱਚ 10% ਐਕਸਟਰਾ ਦੀ ਪ੍ਰੋਵੀਜਨ ਕੀਤੀ ਜਾਣੀ ਬਣਦੀ ਹੈ ਤਾਂ ਜੋ ਅਚਨਚੇਤ ਆਉਣ ਵਾਲੀ ਖਰਾਬੀ ਨੂੰ ਵੀ ਸਹੀ ਕੀਤਾ ਜਾ ਸਕੇ।ਜਿਸ ਕਾਰਣ ਇਹ ਰਿਪੇਅਰ ਦਾ ਐਸਟੀਮੇਟ ਰੁ:7,20,674 ਜਮਾਂ ਰੁ:72000/- ਕੁਲ ਰੁ:7,92,674 ਬਣਦਾ ਹੈ। ਰਿਪੇਅਰ ਹੋਣ ਤੋਂ ਬਾਅਦ ਇਨ੍ਹਾਂ ਲਿਫਟਾਂ ਦੀ ਏ.ਐਮ.ਸੀ.ਦੀ ਜਰੂਰਤ ਹੋਵੇਗੀ ਤਾਂ ਜੋ ਲਿਫਟਾਂ ਨੂੰ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਏ.ਐਮ.ਸੀ ਇੱਕ ਸਾਲ ਦੀ ਕਰਵਾਉਣ ਲਈ ਰੁ:1,80,610/-ਦਾ ਖਰਚ ਆਵੇਗਾ।

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੇ ਖਰਚ ਅਨੁਸਾਰ ਲਿਫਟਾਂ ਦੀ ਰਿਪੇਅਰ ਅਤੇ ਏ.ਐਮ.ਸੀ. ਦਾ ਕੰਮ KONE ਕੰਪਨੀ ਤੋਂ ਕਰਵਾਉਣ ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ ।

1. ਲਿਫਟਾਂ ਦੀ ਰਿਪੇਅਰ ਦਾ ਖਰਚਾ ਰੁ:7,92,674/-
2. ਲਿਫਟਾਂ ਦੀ ਏ.ਐਮ.ਸੀ. ਦਾ ਖਰਚਾ ਰੁ:1,80,610/-

ਕੁੱਲ ਖਰਚ ਰੁ: 9,73,284/- Say 9.73 Lacs.

ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਮਿਤੀ : 9.04.2018 ਰਾਹੀ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਮੰਨਜੂਰੀ ਲਈ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਨੇ ਮਿਤੀ 12-04-18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਨੇ ਆਦੇਸ਼ ਮਿਤੀ 21-04-18 ਅਨੁਸਾਰ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-69

Subject:- Regarding signing of Technical Assistance Agreement between Cities Development Initiatives for Asia and Municipal Corporation Jalandhar.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ The water supply system in Jalandhar city is based on ground water due to which the ground water table is depleting day by day. Central ground water authority, Govt. of India notified Jalandhar as dark zone and ordered to change the water supply system from ground water to surface water. During the visit of H'ble CM Punjab, he announced that the project of surface water supply will be executed. Then after the recommendation from PMIDC the team from Asian development bank and CDIA came and discussed about the pre-feasibility study for surface water supply in Jalandhar city funded by ADB. The team of consultants Royal Haskonings DHV has already started their work for the project report. In this project a Technical Assistance Agreement is to be signed between CDIA and Municipal Corporation Jalandhar in which M.C has to provide data and facilities listed in the agreement to the consultants which comes out to be the 20% of the total project cost (Rs 4.23 Cr.) i.e. Rs 84.5 lacs/- for which a resolution no 17 dated 05.03.2018 was resolved by the house. As this signed agreement is to be sent back to CDIA office in Philippines, kindly allow to get this agreement signed. ਇਸ ਲਈ ਇਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ ਅਤੇ ਤਜ਼ਵੀਜ਼ ਹਾਊਸ ਵਿੱਚ ਵਿਚਾਰਣ ਲਈ ਮਾਨਯੋਗ ਮੇਅਰ ਜੀ ਨੂੰ ਭੇਜੀ ਜਾਵੇ।ਕਮਿਸ਼ਨਰ ਜੀ ਨੇ ਮਿਤੀ 14.3.2018 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਰੱਖਣ ਲਈ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 14.3.2018 ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਹੈ।

ਤਜ਼ਵੀਜ਼ ਹਾਊਸ ਵਿਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:–70

Subject: - Taking over of Jaitewali and Bambianwali Sewerage treatment plants and main pumping Station.

ਪੜਿਆ ਨੋਟ ਨਿਗਮ ਇੰਜੀਨਿਅਰ (ਓ ਐਂਡ ਐਮ) ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਹਿਮਤੀ ਪ੍ਰਗਟਾਈ ਹੈ ਕਿ As per the instructions from Punjab Govt. Punjab water supply and sewerage board (PWSSB) was appointed as the nodal agency for the developments works related to water and sewerage on behalf of the concerned Municipal Corporation of the city. In Jalandhar PWSSB has constructed 6 No. STP's whose detail is listed below:-

Jalandhar STP Data				
Sr No.	Location	Capacity	Technology	Maintenance Contractor
1	Pholriwal	100 MLD	UASB	GSJ ENVO.
2	Pholriwal	25 MLD	SBR	ECHO CHEM.
3	Pholriwal	25 MLD	SBR	GIRDHARILAL
4	Basti Peer Dad	50 MLD	SBR	GONDWANA ENGINEERS
5	Jaitewali	25 MLD	SBR	AYYAPPA INFRA PROJECTS
6	Bambianwali	10 MLD	SBR	GONDWANA ENGINEERS

These plants were constructed by PWSSB on behalf of Municipal Corporation and the Operation and Maintenance of these plants was done by PWSSB and the O&M Funds and Electricity bill was paid by M.C. Jalandhar itself.

As per the Local Govt. letter no. - 3/28/2013-1SS4/104082/1 dated 30.09.2013 paragraph no. - A (4) it was decided that all the works related to O&M will be transferred from PWSSB to M.C Jalandhar, Amritsar, Ludhiana, Patiala and Bathinda.

On 22.06.2016 first four STP's written above (3 No. at Pholriwal & 1 No. at Basti peer dad) were taken over by M.C. Jalandhar from PWSSB which are now being operated and maintained by various contractors under the monitoring of Municipal Corporation Jalandhar.

The Other two STP's named as 25 MLD STP Jaitewali and 10 MLD STP Bambianwali are now stabilized as per the PWSSB letter no- 1457 & 1318 dated- 17.05.2018 & 07.05.2018 and are now available for taking over as per the Executive Engineer PWSSB div-1 Letter no.- 1424 dated 15.05.2018 and the detail about STP's is given below:-

1) 25 MLD STP Jaitewali:-
    a) Total Acquired Land: - 3 Acres, 6 Kanal and 19 Marla.
    b) This land belongs to Sub- Divisional Engineer Div-1, PWSSB Jalandhar.
    c) This plant was constructed by M/s Ayyappa Infra Projects Pvt. Ltd, Vishwa Infrastructures & Services Pvt. Ltd (JV), Hyderabad.
    d) Agreement with the company was of Rs 18,23,42,000/- out of which Rs 1,82,34,000/- is the amount of O&M for 60 Months from the date of stabilization and the price escalation is to be paid as per the tendering agreement of PWSSB.
2) Main Pumping Station Jaitewali:-
    a) This MPS is under operation and Maintenance by M/s Civtech Const. Co. Jalandhar.
    b) O&M Cost of this MPS comes out to be Rs 22.45 lakhs as per present agreement which will expire by 30.06.2018.
3) 10 MLD STP Bambianwali:-
    a. Total Acquired Land: - 18 Kanal and 6 Marla.
    b. This land belongs to Revenue Department and it has been transferred for setting up an STP to local Govt.
    c. This plant was constructed by M/s Gondwana Engineers Ltd, Nagpur.
    d. Agreement with the company was of Rs 9,49,50,000/- out of which 15% of the total amount i.e. Rs 1,42,42,500/- is the amount of O&M for 60 Months from the date of stabilization and the price escalation is to be paid as per the tendering agreement of PWSSB.
4) Main Pumping Station Bambianwali:-

    a. This MPS is under operation and Maintenance by M/s Civtech Const. Co. Jalandhar.

b. O&M Cost of this MPS comes out to be Rs 7.98 lakhs as per present agreement which will expire by 30.06.2018.

Above is the detail of the plants which are to be taken over by Municipal Corporation Jalandhar and for this the approval from the Municipal House in the form of Agenda is needed.Kindly allow to present the agenda in Corporation House for approval please. । ਜ਼ਿਸ ਨਾਲ ਕਮਿਸ਼ਨਰ ਜੀ ਨੇ ਮਿਤੀ 4.6.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.6.2018 ਨਾਲ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-71

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਹਦੂਦ ਵਿੱਚ ਲੱਗੀਆਂ ਹੋਈਆਂ ਪੁਰਾਣੀਆਂ ਟਿਉਬ ਲਾਇਟਾਂ ਜਾਂ ਸੋਡੀਅਮ ਲਾਇਟਾਂ ਆਦਿ ਅਨਰਜੀ ਐਫੀਸ਼ਿਐਂਟ ਐਲ.ਈ.ਡੀ ਸਟਰੀਟ ਲਾਇਟਾਂ ਨਾਲ ਬਦਲਣ, ਇਹਨਾ ਦੇ ਕੰਟਰੋਲ ਸਿਸਟਮ ਮੁਹਇਆ ਕਰਵਾਉਣ ਅਤੇ ਨਵੀਆਂ ਲਗਾਇਆ ਜਾਣ ਵਾਲੀਆ ਲਾਇਟਾਂ ਦੇ 10 ਸਾਲ ਲਈ ਰੱਖ-ਰੱਖਾਵ ਸਬੰਧੀ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 04.04.18 ਰਾਹੀਂ ਲਿਖਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸਮੇਂ ਤੇ ਅਨਰਜੀ ਸੇਵਿੰਗ ਦੇ ਉਪਰਾਲੇ ਕਰਨ ਲਈ ਸਥਾਨਕ ਸਰਕਾਰ ਵਿਭਾਗ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਰਹੇ ਹਨ। ਨੈਸ਼ਨਲ ਪੱਧਰ ਤੇ ਵੀ ਅਨਰਜੀ ਸੇਵਿੰਗ ਦੇ ਨੁਕਤੇ ਤੇ ਢੁਕਵਾਂ ਕੰਮ ਕਰਨ ਲਈ ਯੋਗ ਕਦਮ ਚੁਕਣ ਲਈ ਕਿਹਾ ਜਾਂਦਾ ਰਿਹਾ ਹੈ। ਮੁੱਖ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਪੰਜਾਬ ਨੇ ਅਪਣੇ ਪੱਤਰ ਨੰ: ਪੀ.ਐਮ.ਆਈ. ਡੀ.ਸੀ/2016/15230 ਮਿਤੀ 28.10.2016 ਰਾਹੀਂ ਸਰਕਾਰ ਪੱਧਰ ਤੇ Implementing of Energy Efficiency in Street Lighting across ULBs through deemed saving approach ਬਾਬਤ ਕੀਤੇ ਗਏ ਫੈਸਲੇ ਅਨੁਸਾਰ ਨਗਰ ਨਿਗਮ ਜਲੰਧਰ ਲਈ ਜਾਮ ਨਗਰ ਮਾਡਲ ਅਤੇ Energy saving Model ਤੇ Energy Efficiency in Street Light ਦਾ ਕੰਮ ਕਰਵਾਉਣ ਲਈ ਆਰ.ਐਫ.ਪੀ ਡਾਕੂਮੈਂਟਸ ਤਿਆਰ ਕਰਕੇ ਭੇਜਿਆ ਹੈ। ਇਸ ਆਰ.ਐਫ.ਪੀ ਨੂੰ ਜਾਮਨਗਰ, ਨਗਰ ਨਿਗਮ ਲਈ ਤਿਆਰ ਕਰਨ ਵਾਲੀ ਸਲਾਹਕਾਰ ਕੰਪਨੀ Price Water house Coopers Pvt. Ltd (PWC) ਵੱਲੋਂ ਚੈਕ ਕਰਵਾਇਆ ਗਿਆ ਹੈ। ਮੁੱਖ ਇੰਜੀਨੀਅਰ ਨੇ ਅਪਣੇ ਇਸ ਪੱਤਰ ਵਿੱਚ ਲਿਖਿਆ ਹੈ ਕਿ Energy Efficiency in Street Light ਦਾ ਕੰਮ ਕਰਵਾਉਣ ਲਈ ਆਰ.ਐਫ.ਪੀ ਨੂੰ ਅਪਣੇ ਪੱਧਰ ਤੇ ਮੌਜੂਦਾ ਸਥਿਤੀ ਅਨੁਸਾਰ ਸੋਧ ਲਿਆ ਜਾਵੇ ਅਤੇ ਸੋਧਣ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇ।ਇਹ ਦਿਸ਼ਾ ਨਿਰਦੇਸ਼ ਮਾਨਯੋਗ ਸਥਾਨਕ ਸਰਕਾਰ ਮੰਤਰੀ ਅਤੇ ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰ ਵੱਲੋਂ ਪ੍ਰਵਾਨ ਹੋਣ ਉਪਰੰਤ ਜਾਰੀ ਕੀਤਾ ਗਿਆ ਸੀ।

Energy Efficiency ਦੇ ਨੁਕਤੀਆਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ ਨਗਰ ਨਿਗਮ ਜਲੰਧਰ ਦੀਆਂ ਅਗਵਾਈ ਲੀਹਾਂ ਨੂੰ ਮੁੱਖ ਰੱਖਦੇ ਹੋਏ ਕਮਿਸ਼ਨਰ ਨਗਰ ਨਿਗਮ ਜਲੰਧਰ ਅਤੇ ਨਿਗਰਾਨ ਇੰਜੀਨੀਅਰ (ਸਟਰੀਟ ਲਾਇਟ) ਭੁਵਨੇਸ਼ਵਰ ਵਿਖੇ ਅਨਰਜੀ ਸੇਵਿੰਗ ਅਧੀਨ ਲਗਾਇਆ ਜਾ ਰਹੀਆਂ ਸਟਰੀਟ ਲਾਇਟਾਂ ਦਾ ਮੁਆਇਨਾ ਕਰਨ ਲਈ ਗਏ ਸਨ। ਸਥਾਨਕ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮਾਨਯੋਗ ਕਮਿਸ਼ਨਰ ਅਤੇ ਨਿਗਰਾਨ ਇੰਜੀਨੀਅਰ ਦੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਜਲੰਧਰ ਦੀ ਹਦੂਦ ਵਿੱਚ ਲੱਗੀਆਂ ਹੋਇਆਂ ਪੁਰਾਣੀਆਂ ਸਟਰੀਟ ਲਾਇਟਾਂ (ਟਿਊਬ ਲਾਇਟਾਂ ਅਤੇ ਸੋਡੀਅਮ ਲਾਇਟਾਂ ਆਦਿ) ਅਨਰਜੀ ਐਫੀਸ਼ਿਐਂਟ ਐਲ.ਈ.ਡੀ ਸਟਰੀਟ ਲਾਇਟਾਂ ਨਾਲ ਮਾਨੀਟਾਇਜ਼ਡ ਸਿਸਟਮ ਅਧੀਨ ਬਦਲੀ ਕੀਤੇ ਜਾਣ ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਤਿਆਰ ਕੀਤੀ ਗਈ ਸੀ।

ਸਥਾਨਕ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਨਿਗਮ ਪੁਰਾਣੀਆਂ ਜਿਆਦਾ ਵਾਟੇਜ਼ ਵਾਲੀਆ ਲਾਇਟਾਂ ਬਦਲ ਕੇ ਅਨਰਜੀ ਐਫੀਸ਼ਿਐਂਟ ਐਲ.ਈ.ਡੀ ਲਾਇਟ ਲਗਵਾ ਕੇ ਅਨਰਜੀ ਸੇਵਿੰਗ ਕਰਨਾ ਚਾਹੁੰਦਾ ਹੈ। ਇਸ ਕੰਮ ਦੇ ਸਕੋਪ ਵਿੱਚ ਹੇਠ ਲਿਖੇ ਟੇਬਲ ਅਨੁਸਾਰ ਪੁਰਾਣੀਆਂ ਸਟਰੀਟ ਲਾਇਟਾਂ ਨਵੀਆਂ ਪੀ.ਐਮ.ਆਈ.ਡੀ.ਸੀ ਵੱਲੋਂ ਅਪਰੂਵਡ ਅਨਰਜੀ ਐਫੀਸਿਐਂਟ ਐਲ.ਈ.ਡੀ ਸਟਰੀਟ ਲਾਇਟਾਂ ਲਗਵਾਈਆਂ ਜਾਣੀਆਂ ਹਨ। ਇਸ ਪ੍ਰੋਜੈਕਟ ਅਧੀਨ ਹੇਠ ਲਿਖੇ ਕੰਮ ਕੀਤੇ ਜਾਣੇ ਹਨ।

- Task 1: Replacement of existing luminaries with LED luminaries (Including LED lamp, Driver and fixture) and installation of **Centralized Control & Monitoring System (CCMS)**

- Task 2: Operation and maintenance of LED luminaries (Including LED lamp, Driver and fixture) and CCMS
- Task 3: Infrastructure improvement required to make it suitable for LED installations

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਪ੍ਰੋਜੈਕਟ ਨੂੰ ਪੂਰੀ ਤਰ੍ਹਾ ਮਨੀਟਾਈਜ਼ਡ (Monetized) ਸਕੀਮ ਅਧੀਨ ਪੂਰਾ ਕਰਵਾਏ ਜਾਣ ਦੀ ਤਜਵੀਜ਼ ਸੀ। ਇਸ ਤਜਵੀਜ਼ ਦੀ ਅੰਤਿਮ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 106 ਮਿਤੀ 05.12.16 ਰਾਹੀਂ ਦਿੱਤੀ ਸੀ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਸੰਭਾਵਤ ਐਨਰਜੀ ਬਿਲ 10 ਸਾਲਾਂ ਵਾਸਤੇ	: ਰੁ. 192.20 ਕਰੋੜ
2. ਰੱਖ ਰਖਾਓ ਦਾ ਖ਼ਰਚਾ 10 ਸਾਲਾਂ ਵਾਸਤੇ 5% ਸਾਲਾਨਾ ਵਾਧੇ ਨਾਲ	: ਰੁ. 50.30 ਕਰੋੜ
3. ਪ੍ਰਕਾਸ਼ਤ ਆਰ.ਐਫ.ਪੀ. ਅਨੁਸਾਰ ਨਵੇਂ ਪੁਆਇੰਟਾਂ ਦਾ ਵਾਧੂ ਖ਼ਰਚਾ 15%	: ਰੁ. 28.83 ਕਰੋੜ
4. ਇੰਨਫਰਾਸਟਰਕਚਰ ਦੀ ਬੇਹਤਰੀ ਵਾਸਤੇ	: ਰੁ. 03.00 ਕਰੋੜ
ਕੁਲ ਜ਼ੋੜ	**: ਰੁ. 274.33 ਕਰੋੜ**

ਸਰਕਾਰ ਵੱਲੋਂ ਪ੍ਰਵਾਨਤ ਆਰ.ਐਫ.ਪੀ.ਡਾਕੂਮੈਂਟ ਅਨੁਸਾਰ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 6.12.2016 ਲਈ ਟੂ ਸਟੇਜ਼ ਸਿਸਟਮ ਰਾਹੀਂ ਮੰਗੇ ਗਏ ਸਨ। ਮੈਸਰਜ਼ ਪੀ.ਸੀ.ਪੀ ਇੰਟਰਨੈਸ਼ਨਲ ਲਿਮਟਿਡ, ਚੰਡੀਗੜ੍ਹ ਦਾ ਸਿਰਕ ਇੱਕ ਟੈਂਡਰ ਪ੍ਰਾਪਤ ਹੋਇਆ ਸੀ ਜਿਸ ਦੀ ਤਕਨੀਕੀ ਬਿਡ ਦੀ ਇਵੈਲਯੂਏਸ਼ਨ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੀ ਗਈ। ਅਜੰਸੀ ਮਿਆਰ ਤੇ ਪੂਰੀ ਸੀ ਇਸ ਲਈ ਇਸ ਅਜੰਸੀ ਦੀ ਵਿੱਤੀ ਬਿਡ ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 19.12.2016 ਅਨੁਸਾਰ ਖੋਲ੍ਹੀ ਗਈ। ਜਿਸ ਅਨੁਸਾਰ ਇਸ ਪ੍ਰੋਜੈਕਟ ਦਾ ਖਰਚਾ ਰੁਪਏ 295.74 ਕਰੋੜ ਬਣਦਾ ਸੀ। ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 295 ਮਿਤੀ 23.12.16 ਅਨੁਸਾਰ ਠੇਕੇਦਾਰ ਨਾਲ ਨੈਗੋਸਿਏਸ਼ਨ ਕਰਨ ਉਪਰੰਤ ਇਹ ਪ੍ਰੋਜੈਕਟ ਰੁਪਏ 274.33 ਕਰੋੜ ਵਿੱਚ ਹੀ ਕਰਵਾਉਣਾ ਪ੍ਰਵਾਨ ਕੀਤਾ, ਜਿਸ ਉਪਰੰਤ ਅਜੰਸੀ ਨਾਲ ਆਰ.ਐਫ.ਪੀ ਡਾਕੂਮੈਂਟ ਦੀਆਂ ਸ਼ਰਤਾਂ ਅਨੁਸਾਰ ਅਜੰਸੀ ਨਾਲ ਮਿਤੀ 17.03.17 ਨੂੰ ਇਕਰਾਰਨਾਮਾ ਕੀਤਾ ਗਿਆ ਸੀ ਅਤੇ ਅਜੰਸੀ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/21 ਮਿਤੀ 31.08.17 ਜਾਰੀ ਕੀਤਾ ਗਿਆ।

ਇਸ ਇਕਰਾਰਨਾਮੇ ਦੀ ਸ਼ਰਤ 15 Payment Security /Escrow Account:

(i) In order to provide security to the LENDER/ contractor an irrevocable, revolving Letter of Credit equivalent to 3 months Deemed Energy Saving Fee Shall be established in favour of the lender/contractor.

(ii) MCJ shall deposit amount equivalent to 3- month Energy Saving Fee in accordance with clause (11) and payment to be made as per clause 14.

Escrow account shall be linked with the Revenue account of MCJ. All costs of opening & maintain than ESCROW/ Security shall be of MCJ will be established by MCJ within 30 days from the effective date of the contract.

(iii) Payment security and Escrow account as per (i) & (ii) above to be automatically renewed and kept valid till all payments are discharged till the completion of the term or till termination.

ਠੇਕੇਦਾਰ ਨੂੰ ਪੇਮੈਂਟ ਕਰਨ ਸਬੰਧੀ ਡਾਕੂਮੈਂਟ ਵਿੱਚ ਮੌਜੂਦ ਸਰਤਾਂ ਅਨੁਸਾਰ ਕਾਰਪੋਰੇਸ਼ਨ ਵੱਲੋਂ ਇਕ ਐਸਕਰੋ ਅਕਾਉਂਟ ਖੋਲਿਆ ਜਾਣਾ ਸੀ, ਜਿਸ ਵਿੱਚ ਅਨਰਜੀ ਸੇਵਿੰਗ ਦੀ ਰਕਮ ਅਤੇ ਰੱਖ-ਰੱਖਾਵ ਤੇ ਆਉਣ ਵਾਲਾ ਖਰਚਾ ਕੁੱਲ ਅਦਾਇਗੀ ਯੋਗ 3 ਮਹੀਨੇ ਦੀ ਰਕਮ ਜ਼ੋ ਕਿ ਲਗਭਗ 4.5 ਕਰੋੜ ਬਣਦੀ ਹੈ, ਰੱਖੀ ਜਾਣੀ ਸੀ। ਇਸ ਖਾਤੇ ਵਿੱਚ ਇਹ ਰਕਮ ਹਮੇਸ਼ਾ ਆਉਣ ਵਾਲੇ 10 ਸਾਲਾਂ ਲਈ ਰੱਖੀ ਜਾਣੀ ਸੀ। ਇਸ ਦੇ ਨਾਲ ਹੀ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਰੁਪਏ 4.5 ਕਰੋੜ ਦਾ ਰਿਵਾਲਵਿੰਗ ਲੈਟਰ ਆਫ ਕਰੈਡਿਟ (LC) ਜਿਹੜਾ ਕਿ 10 ਸਾਲ ਲਈ ਯੋਗ ਰਹੇ, ਨਗਰ ਨਿਗਮ ਵੱਲੋਂ ਕਿਸੇ ਵੀ ਪ੍ਰਵਾਨਿਤ ਬੈਂਕ ਵੱਲੋਂ ਜਾਰੀ ਕਰਵਾਉਣੀ ਸੀ। ਅਜਿਹਾ ਇਸ ਲਈ ਕਰਨ ਦੀ ਵਿਵਸਥਾ ਕੀਤੀ ਗਈ ਸੀ ਤਾਂ ਜ਼ੋ ਜੇਕਰ ਕਿਸੇ ਕਾਰਨ ਐਸਕਰੋ ਖਾਤੇ ਵਿੱਚ ਪੈਸੇ ਦੀ ਦਿੱਕਤ ਹੋਵੇ ਤਾਂ ਫਰਮ ਨੂੰ ਸਬੰਧਤ ਬੈਂਕ ਵੱਲੋਂ ਬਰਾਬਰ ਬਣਦੀ ਰਕਮ ਜਾਰੀ ਕੀਤੀ ਜਾ ਸਕੇ।

ਉਪਰੋਕਤ ਅਨੁਸਾਰ ਐਲ.ਸੀ ਜਾਰੀ ਕਰਨ ਲਈ ਮਾਮਲਾ ਵੱਖ-ਵੱਖ ਬੈਂਕਾਂ ਨਾਲ ਉਠਾਇਆ ਗਿਆ ਸੀ ਅਤੇ ਪੰਜਾਬ ਨੈਸ਼ਨਲ ਬੈਂਕ ਵੱਲੋਂ ਰਿਵਾਲਵਿੰਗ ਲੈਟਰ ਆਫ ਕਰੈਡਿਟ ਜਾਰੀ ਕਰਨ ਲਈ ਕੁਛ ਦਸਤਾਵੇਜਾਂ ਦੀ ਮੰਗ ਕੀਤੀ ਗਈ ਜ਼ੋ ਕਿ ਪੂਰੀ ਕਰਨ ਯੋਗ ਨਹੀ ਸੀ। ਇਸ ਕਰਕੇ ਬੈਂਕ ਵੱਲੋਂ ਵੀ ਰਿਵਾਲਵਿੰਗ ਲੈਟਰ ਆਫ ਕਰੈਡਿਟ ਦੇਣ ਤੋ ਇੰਕਾਰ ਕਰ ਦਿੱਤਾ ਗਿਆ। ਇਸ ਸਬੰਧ ਵਿੱਚ ਕੰਪਨੀ ਵੱਲੋਂ ਅਪਣੇ ਪੱਤਰ ਨੰ: 355 ਮਿਤੀ 26.03.18 ਰਾਹੀਂ ਸਪਸ਼ਟ ਕੀਤਾ ਗਿਆ ਕਿ ਉਪਰੋਕਤ ਤੋ ਬਗੈਰ ਕੰਪਨੀ ਵੱਲੋਂ ਮਿਥੇ-ਟੀਚੇ ਅਨੁਸਾਰ ਕੰਮ ਕਰਨ ਵਿੱਚ ਬਹੁਤ ਮੁਸ਼ਕਿਲ ਹੈ ਅਤੇ ਇਹ ਵੀ ਲਿਖਿਆ ਗਿਆ ਐਸਕਰੋ ਅਕਾਉਂਟ ਸਬੰਧੀ ਕਾਰਵਾਈ ਜਲਦੀ ਤੋ ਜਲਦੀ ਪੂਰੀ ਕੀਤੀ ਜਾਵੇ। ਉਹਨਾ ਵੱਲੋਂ ਇਹ ਵੀ ਸੁਝਾਅ ਦਿੱਤਾ ਗਿਆ ਕਿ ਹੇਠ ਲਿਖੇ ਗਏ 2 ਮਾਲ ਖਾਤਿਆਂ ਨੂੰ 11 ਸਾਲਾਂ ਲਈ ਐਸਕਰੋ ਅਕਾਉਂਟ ਨਾਲ ਲਿੰਕ ਕਰ ਦਿੱਤਾ ਜਾਵੇ ਅਤੇ ਇਸ ਲਿੰਕ ਨੂੰ ਨਾ ਤੋੜੁਨ ਦੀ ਪਾਬੰਧੀ 11 ਸਾਲਾਂ ਲਈ ਲਗਾ ਦਿੱਤੀ ਜਾਵੇ।

1) ਪਰਾਪਰਟੀ ਟੈਕਸ ਤੋਂ ਹੋਣ ਵਾਲੀ ਆਮਦਨ
2) ਬਿਜਲੀ ਦੇ ਬਿੱਲਾਂ ਵਿੱਚ ਲਗਾਈ ਜਾਣ ਵਾਲੀ 2% ਇਲੈਕਟਰਸੀਟੀ ਡਿਉਟੀ

ਜੇਕਰ ਉਪਰੋਕਤ ਅਨੁਸਾਰ ਦੋਨੋਂ ਖਾਤੇ ਐਸਕਰੋ ਅਕਾਉਂਟ ਨਾਲ ਲਿੰਕ ਕਰ ਦਿੱਤੇ ਜਾਂਦੇ ਹਨ ਅਤੇ ਇਸ ਅਕਾਉਂਟ ਨੂੰ ਹਰ ਤਿੰਨ ਮਹੀਨੇ ਲਈ 11 ਸਾਲ ਤੱਕ 4.50 ਕਰੋੜ ਰੁਪਏ ਤੱਕ ਲਿਮਟ ਕਰ ਦਿੱਤਾ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਇਕਰਾਰਨਾਮੇ ਵਿੱਚ ਅਦਾਇਗੀ ਕਰਨ ਸਬੰਧੀ ਸਰਤਾਂ ਦੀ ਪਾਲਣਾ ਕਰਨੀ ਸੰਭਵ ਹੋ ਸਕੇ। ਜੇਕਰ ਉਪਰੋਕਤ ਦੋਨਾ ਖਾਤਿਆਂ ਦੀ ਰਕਮ 4.50 ਕਰੌੜ ਰੁਪਏ ਪ੍ਰਤੀ ਤਿੰਨ ਮਹੀਨੇ ਤੋ ਵੱਧ ਹੋਵੇਗੀ ਤਾਂ ਉਸ ਰਕਮ ਨੂੰ ਹੀ ਕਾਰਪੋਰੇਸ਼ਨ ਅਪਣੇ ਕਿਸੇ ਹੋਰ ਮੰਤਵ ਲਈ ਇਸਤੇਮਾਲ ਕਰ ਸਕੇਗੀ। ਕੰਪਨੀ ਵੱਲੋਂ ਇਹ ਮੰਗ ਕੀਤੀ ਗਈ ਸੀ ਕਿ ਜੇਕਰ ਰਿਵਾਲਵਿੰਗ ਲੈਟਰ ਆਫ ਕਰੈਡਿਟ (LC) ਦੇਣਾ ਸੰਭਵ ਨਹੀ ਬਣਦਾ ਤਾਂ ਕਾਰਪੋਰੇਸ਼ਨ ਵੱਲੋਂ ਕੰਪਨੀ ਨੂੰ ਤਿੰਨ ਮਹੀਨੇ ਲਈ ਅਦਾਇਗੀ ਯੋਗ ਰਕਮ ਜਿਹੜੀ ਕਿ 4.50 ਕਰੌੜ ਰੁਪਏ ਬਣਦੀ ਹੈ ਦੀ ਬੈਂਕ ਗਰੰਟੀ ਸਬੰਧਤ ਕੰਪਨੀ ਨੂੰ ਦੇ ਦਿੱਤੀ ਜਾਵੇ ਤਾਂ ਜ਼ੋ ਕੰਪਨੀ ਨੂੰ ਲੋੜੀਂਦਾ ਕੰਮ ਕਰਨ ਵਿੱਚ ਅਦਾਇਗੀ ਕਾਰਣ ਕੋਈ ਦਿੱਕਤ ਨਾ ਆਵੇ।

ਉਪਰੋਕਤ ਅਨੁਸਾਰ ਤਜਵੀਜ਼ ਨਗਰ ਨਿਗਮ ਹਾਉਸ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਡੀ.ਸੀ.ਐਫ.ਏ ਨੇ ਅਪਣੇ ਨੋਟ ਮਿਤੀ 06.04.18 ਰਾਹੀਂ ਲਿਖਿਆ ਹੈ ਕਿ ਪ੍ਰੋਜੈਕਟ ਦੇ ਪਹਿਲੇ ਸਾਲ ਵਿੱਚ ਕਿਉ ਜ਼ੋ ਸਾਰੇ ਸਟਰੀਟ ਲਾਇਟ ਪੁਆਇੰਟ ਤਬਦੀਲ ਨਹੀਂ ਹੋਏ ਹਨ। ਇਸ ਲਈ ਐਸਕਰੋ ਅਕਾਉਂਟ ਵਿੱਚ 3 ਮਹੀਨੇ ਵਾਸਤੇ ਰੁਪਏ 1.50 ਕਰੋੜ ਜਮ੍ਹਾ ਕਰਵਾਉਣੇ ਯੋਗ ਹਨ। ਅਗਲੇ ਸਾਲਾਂ ਵਿੱਚ ਜੇਕਰ ਨਗਰ ਨਿਗਮ ਦੀ ਵਿੱਤੀ ਹਾਲਤ ਵਿੱਚ ਸੁਧਾਰ ਹੁੰਦਾ ਹੈ ਤਾਂ ਐਸਕਰੋ ਅਕਾਉਂਟ ਵਿੱਚ 3 ਮਹੀਨੇ ਲਈ ਰੁਪਏ 4.50 ਕਰੋੜ ਜਮ੍ਹਾ ਕਰਵਾਉਣ ਲਈ ਵਿਚਾਰਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਕੰਪਨੀ ਨੂੰ ਬੈਂਕ ਗਰਾਂਟੀ ਦੇਣ ਲਈ ਕੇਸ ਨਗਰ ਨਿਗਮ ਦੇ ਹਾਊਸ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਉਪਰੋਕਤ ਨੋਟ ਤੇ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 06.04.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 20.04.18 ਰਾਹੀਂ ਉਪਰੋਕਤ ਅਨੁਸਾਰ ਕੇਸ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

Superintending Engineer (Light) vide his note dated 25-04-2018 writes, as discussed, this is an urgent work and work of LED is suffering due to Non-Issue of Bank Guarantee to the Firm. Therefore it is requested that for increasing the progress of the work, the case may be approved in-anticipation approval of House. The firm is also requesting for issue of Bank Guarantee and linkage of revenue stream like property tax and other income stream with ESCROW ACCOUNT vide letter No. 355 dated 26-03-2018, hence recommended for anticipation approval of house and also allow to issue letter to firm.

ਮਾਨਯੋਗ ਮੇਅਰ ਨੇ ਅਪਣੇ ਹੁਕਮ ਮਿਤੀ 25.04.18 ਰਾਹੀਂ ਉਪਰੋਕਤ ਅਨੁਸਾਰ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਪ੍ਰਵਾਨਗੀ ਕੀਤੀ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਲਈ ਨਗਰ ਨਿਗਮ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-72

ਵਿਸ਼ਾ :- ਵਾਰਡ ਨੰ: 78 ਵਿੱਚ ਪੈਂਦੀਆਂ ਗਰੀਬ ਕਲੋਨੀਆਂ ਨੂੰ ਸਲੱਮ ਡਿਕਲੇਅਰ ਘੋਸ਼ਿਤ ਕਰਨ ਸਬੰਧੀ ।

ਤਜ਼ਵੀਜ਼ ਵਲੋਂ ਸ੍ਰੀ ਜਗਦੀਸ਼ ਰਾਮ (ਸਮਰਾਏ), ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀਮਤੀ ਉਮਾ ਬੇਰੀ, ਕੌਂਸਲਰ ਨੇ ਕੀਤੀ ਹੈ ਕਿ ਵਾਰਡ ਨੰ: 78 ਵਿਚ ਪੈਦੀਆਂ ਗਰੀਬ ਕਲੋਨੀਆਂ ਜ਼ੋ ਕਿ ਅਣ-ਡਿਕਲੇਅਰ ਹਨ। ਇਹਨਾਂ ਕਲੋਨੀਆਂ ਵਿੱਚ ਗਰੀਬ ਤੇ ਮਜਦੂਰ ਲੋਕ ਰਹਿ ਰਹੇ ਹਨ ਅਤੇ ਇਸ ਵਾਰਡ ਅਤੇ ਇਹਨਾਂ ਕਲੋਨੀਆਂ ਵਿੱਚ ਦੂਸਰੇ ਪ੍ਰਾਤਾਂ ਤੋਂ ਜਿਵੇਂ ਕਿ ਉਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਉੱਤਰਾ-ਖੰਡ, ਬਿਹਾਰ ਆਦਿ ਤੋਂ ਇਸ ਵਾਰਡ ਦੀਆਂ ਕਲੋਨੀਆਂ ਵਿੱਚ ਕਾਫ਼ੀ ਸਮੇਂ ਤੋਂ ਲੋਕ ਰਹਿ ਰਹੇ ਹਨ ਜ਼ੋ ਕਿ ਰੋਜ਼ -ਮਰਾ ਦੀ ਜ਼ਿੰਦਗੀ ਵਿੱਚ ਅਪਣੀ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ -ਪੋਸ਼ਣ ਬੜੀ ਮੁਸ਼ਕਲ ਨਾਲ ਕਰਕੇ ਹਨ ਖਾਸ ਕਰਕੇ ਮੁਹਲੇ ਨਿਉ ਰਤਨ ਨਗਰ, ਸ਼ਿਵ ਨਗਰ, ਬਾਬਾ ਕਾਹਨ ਦਾਸ ਨਗਰ, ਨਿਊ ਗੁਰੂ ਨਾਨਕ ਨਗਰ, ਇਹ ਮੁਹੱਲੇ ਇਸ ਵਾਰਡ ਵਿੱਚ ਪੈਂਦੇ ਹਨ।

ਉਪਰੋਕਤ ਕਲੋਨੀਆਂ ਤੇ ਲੋਕ ਗਰੀਬ ਅਤੇ ਮਜ਼ਦੂਰੀ ਕਰਨ ਵਾਲੇ ਹਨ ਇਸ ਲਈ ਇਹਨਾਂ ਦੀ ਹਾਲਤ ਨੂੰ ਮੁੱਖ ਰਖਦੇ ਹੋਏ ਅਤੇ ਤਰਸ ਦੇ ਆਧਾਰ ਤੇ ਉਪਰੋਕਤ ਕਲੋਨੀਆਂ ਨੂੰ ਸਲੱਮ ਏਰੀਆ ਘੋਸ਼ਿਤ ਕੀਤਾ ਜਾਵੇ ਇਹਨਾਂ ਮੁਹੱਲਿਆਂ ਦੇ ਵਿਕਾਸ ਦੇ ਕੰਮ ਨੂੰ ਤਰਜੀਹ ਦਿੱਤੀ ਜਾਵੇ ਅਤੇ ਪਹਿਲ ਦੇ ਆਧਾਰ ਤੇ ਇਨ੍ਹਾਂ ਮੁਹੱਲਿਆ ਦੇ ਵਿੱਚ ਕੰਮ ਕੀਤੇ ਜਾਣ ਅਤੇ ਇਨ੍ਹਾਂ ਤੋ ਕੋਈ ਵੀ ਕਿਸੇ ਤਰ੍ਹਾਂ ਵੀ ਟੈਕਸ ਜਾਂ ਕੋਈ ਵੀ ਬਿੱਲ ਨਾ ਲਿਆ ਜਾਵੇ। ਬੇਨਤੀ ਕੀਤੀ ਜਾਂਦੀ ਹੈ ਕਿ ਵਾਰਡ ਨੰ: 78 ਦੀਆਂ ਇਹਨਾਂ ਕਲੋਨੀਆਂ ਨੂੰ ਸਲੱਮ ਏਰੀਆਂ ਘੋਸ਼ਿਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.6.2018 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-73

ਵਿਸ਼ਾ: ਸਾਬਕਾ ਮੁੱਖਮੰਤਰੀ ਪੰਜਾਬ ਸਵਰਗੀਯ ਸਰਦਾਰ ਬੇਅੰਤ ਸਿੰਘ ਜੀ ਦੇ ਬੁੱਤ ਜਿਹੜਾ ਕਿ ਬੀ.ਐਮ.ਸੀ. ਚੋਂਕ ਵਿਖੇ ਸਥਿਤ ਹੈ, ਨੂੰ ਨਾਲ ਲੱਗਦੀ ਗਰੀਨ ਬੈਲਟ ਵਿਖੇ ਸ਼ਿਫਟ ਕਰਨ ਬਾਰੇ ।

ਤਜ਼ਵੀਜ਼ ਵਲੋਂ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੋਂਸਲਰ ਜਿਸ ਦੀ ਪੁਸ਼ਟੀ ਸ੍ਰੀ ਰੋਹਣ ਸਹਿਗਲ, ਕੋਂਸਲਰ ਨੇ ਕੀਤੀ ਹੈ ਕਿ ਬੇਨਤੀ ਹੈ ਕਿ ਬੀ.ਐਮ.ਸੀ.ਚੋਂਕ ਵਿਖੇ ਸਾਬਕਾ ਮੁੱਖਮੰਤਰੀ ਪੰਜਾਬ ਸਵਰਗੀਯ ਸਰਦਾਰ ਬੇਅੰਤ ਸਿੰਘ ਜੀ ਦਾ ਬੁੱਤ ਸਥਿਤ ਹੈ, ਉਸ ਜਗ੍ਹਾ ਤੇ ਸੁਚੱਝੇ ਢੰਗ ਨਾਲ ਦੇਖ਼ਭਾਲ ਨਹੀਂ ਹੋ ਰਹੀ ਹੈ । ਜਿਸ ਤਰ੍ਹਾਂ ਡਾ:ਬੀ.ਆਰ.ਅੰਬੇਦਕਰ ਜੀ ਦਾ ਬੁੱਤ ਡਾ:ਬੀ.ਆਰ.ਅੰਬੇਦਕਰ ਚੋਂਕ ਵਿੱਚ ਬੜੇ ਸੁਚੱਝੇ ਢੰਗ ਨਾਲ ਸਥਾਪਿਤ ਹੈ, ਉਸੇ ਤਰ੍ਹਾਂ ਤਜ਼ਵੀਜ਼ ਕੀਤਾ ਜਾਂਦਾ ਹੈ ਕਿ ਬੀ.ਐਮ.ਸੀ. ਚੋਂਕ ਵਿੱਚ ਜਿਹੜੀ ਥਾਂ ਮਿਲਕ ਪਲਾਂਟ ਵਾਲੀ ਗਰੀਨ ਬੈਲਟ ਦੀ ਖ਼ਾਲੀ ਪਈ ਹੈ, ਵਿਖੇ ਸਾਬਕਾ ਮੁੱਖਮੰਤਰੀ ਪੰਜਾਬ ਸਵਰਗੀਯ ਸਰਦਾਰ ਬੇਅੰਤ ਸਿੰਘ ਜੀ ਦੇ ਬੁੱਤ ਨੂੰ ਸ਼ਿਫਟ ਕੀਤਾ ਜਾਵੇ ਅਤੇ ਉਥੇ ਆਲ੍ਹੇ-ਦੁਆਲੇ ਗਰਿਲਾਂ ਲਗਾ ਕੇ ਅਤੇ ਗਰੀਨ ਬੈਲਟ ਨੂੰ ਸਹੀ ਢੰਗ ਨਾਲ ਸੁੰਦਰ ਤਰੀਕੇ ਨਾਲ ਬਨਾਇਆ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.6.2018 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-74

ਵਿਸ਼ਾ: ਦਕੋਹਾ -ਤਲਹਣ ਰੋੜ ਨਾਲ ਲੱਗਦੀ ਸੜਕ ਦਾ ਨਾਂ ਸ਼ਹੀਦ ਪੁਲਿਸ ਇੰਸਪੈਕਟਰ ਸ੍ਰੀ ਰੋਸ਼ਨ ਲਾਲ ਪ੍ਰਭਾਕਰ ਦੇ ਨਾਂ ਤੇ ਰੱਖਣ ਬਾਰੇ ।

ਤਜ਼ਵੀਜ਼ ਵਲੋਂ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੋਂਸਲਰ ਜਿਸ ਦੀ ਪੁਸ਼ਟੀ ਸ੍ਰੀ ਰੋਹਣ ਸਹਿਗਲ, ਕੋਂਸਲਰ ਨੇ ਕੀਤੀ ਹੈ ਬੇਨਤੀ ਹੈ ਕਿ ਪੰਜਾਬ ਵਿੱਚ ਅੱਤਵਾਦ ਦੇ ਸਮੇਂ ਸ੍ਰੀ ਰੋਸ਼ਨ ਲਾਲ ਪ੍ਰਭਾਕਰ ਜਿਹੜੇ ਪੁਲਿਸ ਵਿਭਾਗ ਵਿੱਚ ਬਤੌਰ ਪੁਲਿਸ ਇੰਸਪੈਕਟਰ ਸਨ, ਅੱਤਵਾਦੀਆਂ ਦੇ ਹੱਥੋਂ ਸ਼ਹੀਦ ਹੋਏ ਸਨ ।ਇਹਨਾਂ ਦਾ ਪਰਿਵਾਰ ਦਕੋਹਾ ਵਿਖੇ ਹੀ ਰਹਿ ਰਿਹਾ ਹੈ ਅਤੇ ਇਹਨਾਂ ਦੇ ਦੋਵੇਂ ਬੱਚੇ ਅੱਜ ਵੀ ਪੁਲਿਸ ਵਿੱਚ ਬਤੌਰ ਅਫ਼ਸਰ ਸੇਵਾ ਕਰ ਰਹੇ ਹਨ ।ਇਸ ਪਰਿਵਾਰ ਦੇ ਯੋਗਦਾਨ ਨੂੰ ਮੁੱਖ ਰਖ਼ਦੇ ਹੋਏ ਤਜ਼ਵੀਜ਼ ਕੀਤਾ ਜਾਂਦਾ ਹੈ ਕਿ ਦਕੋਹਾ -ਤਲਹਣ ਰੋੜ ਨਾਲ ਲੱਗਦੀ ਸੜਕ ਦਾ ਨਾਂ ਸ਼ਹੀਦ ਪੁਲਿਸ ਇੰਸਪੈਕਟਰ ਸ੍ਰੀ ਰੋਸ਼ਨ ਲਾਲ ਪ੍ਰਭਾਕਰ ਦੇ ਨਾਂ ਤੇ ਰੱਖਿਆ ਜਾਵੇ ਤਾਂ ਜ਼ੋ ਉਹਨਾਂ ਵਲੋਂ ਦਿੱਤੀ ਸ਼ਹਾਦਤ ਪ੍ਰਤੀ ਸ਼ਰਧਾਂਜਲੀ ਦਿੱਤੀ ਜਾ ਸਕੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.6.2018 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-75

ਵਿਸ਼ਾ :- ਲੰਮਾਂ ਪਿੰਡ ਚੌਂਕ ਤੋਂ ਸ਼ੇਖੇ ਫਲਾਈਓਵਰ ਤੱਕ ਦੀ ਸੜ੍ਹਕ ਨੂੰ ਟੇਕਓਵਰ ਕਰਨ ਅਤੇ ਫੋਰਲੇਨਿੰਗ ਕਰਨ ਬਾਰੇ।

ਤਜਵੀਜ ਵੱਲੋ ਸ਼੍ਰੀ ਨਿਰਮਲ ਸਿੰਘ ਕੌਂਸਲਰ ਵਾਰਡ ਨੰ: 6 ਜਿਸ ਦੀ ਪੁਸ਼ਟੀ ਸ਼੍ਰੀ ਮਨਮੋਹਨ ਸਿੰਘ ਕੌਂਸਲਰ ਅਤੇ ਸ਼੍ਰੀਮਤੀ ਡੋਲੀ ਸੈਣੀ ਕੌਂਸਲਰ ਨੇ ਕੀਤੀ ਹੈ ਕਿ ਲੰਮਾ ਪਿੰਡ ਚੌਂਕ ਤੋਂ ਸ਼ੇਖੇ ਫਲਾਈਓਵਰ ਤੱਕ ਦੀ ਸੜ੍ਹਕ ਜੋ ਕਿ ਸ਼ਹਿਰ ਦੀ ਮੇਨ ਐਨਟਰੀ ਵਿੱਚੋਂ ਇੱਕ ਹੈ ਦੀ ਹਾਲਤ ਬਹੁਤ ਖਰਾਬ ਹੈ। ਇਹ P.W.D ਦੀ ਰੋਡ ਹੈ ਕ੍ਰਿਪਾ ਕਰਕੇ ਇਸ ਨੂੰ ਕਾਰਪੋਰੇਸ਼ਨ ਦੇ ਅੰਡਰ ਲਿਆ ਜਾਵੇ। ਇਸ ਰੋਡ ਨੂੰ ਫੋਰਲੇਨ ਕੀਤਾ ਜਾਵੇ ਤਾਂ ਜੋ ਓਵਰਲੋਡ ਟਰੈਫਿਕ ਦਾ ਹੱਲ ਹੋ ਸਕੇ। ਇਸ ਸਬੰਧੀ ਬੀ.ਐਂਡ.ਆਰ ਵਿਭਾਗ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਵਾਰਡ ਨੰ: 6 ਦੇ ਕੌਂਸਲਰ ਸ.ਨਿਰਮਲ ਸਿੰਘ, ਵਾਰਡ ਨੰ: 15 ਦੇ ਕੌਂਸਲਰ ਸ਼੍ਰੀਮਤੀ ਡੌਲੀ ਸੈਣੀ ਅਤੇ ਵਾਰਡ ਨੰ: 16 ਦੇ ਕੌਂਸਲਰ ਸ.ਮਨਮੋਹਨ ਸਿੰਘ ਵੱਲੋ ਦਿੱਤੇ ਗਏ ਪੱਤਰ ਅਨੁਸਾਰ ਤਜਵੀਜ ਆਈ ਹੈ ਕਿ ਲੰਮਾਂ ਪਿੰਡ ਚੌਂਕ ਤੋਂ ਸ਼ੇਖੇ ਫਲਾਈ-ਓਵਰ ਤੱਕ ਦੀ ਸੜ੍ਹਕ ਨੂੰ ਮਿਉਂਸੀਪਲ ਕਾਰਪੋਰੇਸ਼ਨ, ਜਲੰਧਰ ਦੇ ਅਧੀਨ ਲਿਆ ਜਾਵੇ ਅਤੇ ਇਸ ਨੂੰ ਫੋਰ ਲੇਨ ਕੀਤਾ ਜਾਵੇ। ਇਸ ਸਬੰਧੀ ਦੱਸਿਆ ਜਾਦਾਂ ਹੈ ਕਿ ਇਹ ਸੜ੍ਹਕ ਪੀ.ਡਬਲਯੂ.ਡੀ ਮਹਿਕਮੇ ਦੇ ਅਧੀਨ ਪੈਂਦੀ ਹੈ ਅਤੇ ਇਹ ਸੜ੍ਹਕ ਸਟੇਟ ਹਾਈਵੇ ਨਾਲ ਸਬੰਧਤ ਹੈ। ਇਸ ਲਈ ਇਸ ਸੜ੍ਹਕ ਨੂੰ ਓਵਰਟੇਕ ਕਰਨ ਸਬੰਧੀ ਅਗਲੀ ਕਾਰਵਾਈ ਕਰਨ ਲਈ ਸਬੰਧਤ ਮਹਿਕਮੇ ਨੂੰ ਲਿਖਣਾ ਵਾਜਬ ਹੋਵੇਗਾ ਤਾ ਜ਼ੋ ਇਸ ਸੜ੍ਹਕ ਨਾਲ ਸਬੰਧਤ ਰਿਕਾਰਡ ਦਾ ਖਰੜਾ ਤਿਆਰ ਕਰਕੇ ਇਸ ਦਫ਼ਤਰ ਨੂੰ ਭੇਜਣ। ਇਸ ਸੜ੍ਹਕ ਨੂੰ ਨਗਰ ਨਿਗਮ ਦੇ ਅਧੀਨ ਲੈਣ ਲਈ ਮਹਿਕਮਾਂ ਲੋਕ ਨਿਰਮਾਣ ਵਿਭਾਗ ਦੀ ਅਤੇ ਨਗਰ ਨਿਗਮ ਦੇ ਹਾਊਸ ਦੀ ਸਹਿਮਤੀ ਦੀ ਜਰੂਰਤ ਹੈ। ਇਸ ਲਈ ਤਜਵੀਜ਼ ਦਿੱਤੀ ਜਾਂਦੀ ਹੈ ਕਿ ਇਸ ਸੜ੍ਹਕ ਨੂੰ ਨਗਰ ਨਿਗਮ ਅਧੀਨ ਲੈਣ ਪੀ.ਡਬਲਯੂ.ਡੀ ਵਿਭਾਗ ਨਾਲ ਪੱਤਰ ਵਿਹਾਰ ਕਰਨ ਲਈ ਜਾਂ ਐਨ.ਓ.ਸੀ ਲੈਣ ਲਈ ਨਗਰ ਨਿਗਮ ਹਾਊਸ ਦੀ ਹੋਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਲੈਣ ਲਈ ਕੇਸ ਜਨਰਲ ਹਾਊਸ ਭੇਜਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਮਾਣਯੋਗ ਮੇਅਰ ਜੀ ਦੇ ਹੁਕਮ ਮਿਤੀ : 28.03.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-76

ਵਿਸ਼ਾ:- ਦਿਲਬਾਗ ਨਗਰ ਪਾਰਕ ਦਾ ਨਾਮ ਰਾਧੇ-ਰਾਧੇ ਪਾਰਕ ਰੱਖਣ ਸਬੰਧੀ ।

ਤਜਵੀਜ ਸ੍ਰੀਮਤੀ ਜਸਪਾਲ ਕੌਰ ਭਾਟੀਆ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਪਰਮਜੀਤ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਬੇਨਤੀ ਹੈ ਕਿ ਮੇਰੇ ਵਾਰਡ ਨੰ: 45 ਵਿਚ ਪੈਂਦੇ ਪਾਰਕ ਦਿਲਬਾਗ ਨਗਰ ਪਾਰਕ ਦਾ ਨਾਮ ਰਾਧੇ-ਰਾਧੇ ਪਾਰਕ ਰੱਖਿਆ ਜਾਵੇ ਕਿਉਂ ਜ਼ੋ ਇਥੇ ਦੇ ਵਸਨੀਕਾਂ ਦੀ ਪੂਰ ਜ਼ੋਰ ਮੰਗ ਹੈ ਕਿ ਇਸ ਇਲਾਕੇ ਵਿੱਚ ਪੈਂਦੇ ਧਾਰਮਿਕ ਸਥਾਨ (ਮੰਦਿਰ) ਦਾ ਨਾਮ ਰਾਧੇ-ਰਾਧੇ ਕਿਸ਼ਨ ਮੰਦਿਰ ਹੈ ਤੇ ਇਹ ਮੰਦਿਰ ਇਸ ਪਾਰਕ ਦੇ ਬਿਲਕੁਲ ਨਾਲ ਲੱਗਦਾ ਹੈ। ਇਸ ਲਈ ਕਿਰਪਾ ਕਰਕੇ ਇਸ ਪਾਰਕ ਦਾ ਨਾਮ ਰਾਧੇ-ਰਾਧੇ ਪਾਰਕ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.4.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-77

ਵਿਸ਼ਾ:- ਮਹੰਤ ਰਾਮ ਦਿਆਲ ਦਾਸ ਦੇ ਨਾਮ ਤੇ ਢੰਢਾਰ ਮੰਦਿਰ ਵਾਲੀ ਸੜਕ ਦਾ ਨਾਮ ਰੱਖਣ ਸਬੰਧੀ ।

ਤਜਵੀਜ ਸ੍ਰੀਮਤੀ ਜਸਪਾਲ ਕੌਰ ਭਾਟੀਆ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਪਰਮਜੀਤ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਬੇਨਤੀ ਹੈ ਕਿ ਮੇਰੇ ਵਾਰਡ ਨੰ: 45 ਵਿਚ ਪੈਂਦੇ ਪ੍ਰਾਚੀਨ ਢੰਢਾਰ ਮੰਦਿਰ ਵਾਲੀ ਸੜਕ ਦਾ ਨਾਮ ਸਵਰਗੀਯ ਮਹੰਤ ਰਾਮ ਦਿਆਲ ਦਾਸ ਦੇ ਨਾਮ ਤੇ ਰੱਖਿਆ ਜਾਵੇ ਕਿਉਂ ਜ਼ੋ ਇਥੇ ਦੇ ਵਸਨੀਕਾਂ ਦੀ ਪੂਰ ਜ਼ੋਰ ਮੰਗ ਹੈ ਕਿ ਸਵਰਗੀਯ ਮਹੰਤ ਰਾਮ ਦਿਆਲ ਦਾਸ ਜੀ, ਇਸ ਇਲਾਕੇ ਵਸਨੀਕਾਂ ਦੀ ਅਤੇ ਇਸ ਪ੍ਰਾਚੀਨ ਮੰਦਿਰ ਦੀ ਪਿਛਲੇ 50 ਸਾਲਾਂ ਤੋਂ ਸੇਵਾ ਕਰ ਰਹੇ ਹਨ। ਪਿਛਲੇ ਦਿਨੀਂ ਮਹੰਤ ਰਾਮ ਦਿਆਲ ਦਾਸ ਜੀ ਅਕਾਲ ਚਲਾਣਾ ਕਰ ਗਏ। ਇਹਨਾਂ ਦੇ ਨਾਲ ਸੰਗਤ ਦਾ ਕਾਫੀ ਲਗਾਵ ਸੀ। ਇਸ ਲਈ ਕਿਰਪਾ ਕਰਕੇ ਪ੍ਰਾਚੀਨ ਢੰਢਾਰ ਵਾਲੀ ਸੜਕ ਦਾ ਨਾਮ ਸਵਰਗੀਯ ਮਹੰਤ ਰਾਮ ਦਿਆਲ ਦਾਸ ਦੇ ਨਾਮ ਤੇ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.4.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-78

ਵਿਸ਼ਾ : - ਮੁਹੱਲਾ ਕਬੀਰ ਨਗਰ ਆਰੀਆ ਸਮਾਜ ਧਰਮਸ਼ਾਲਾ ਵਿਖੇ ਲਾਈਬ੍ਰੇਰੀ ਵਿੱਚ ਅਖਬਾਰਾਂ ਭੇਜਣ ਸਬੰਧੀ।

ਸ਼੍ਰੀਮਤੀ ਸਰਫੋਂ ਦੇਵੀ, ਕੌਂਸਲਰ ਨੇ ਆਪਣੇ ਪੱਤਰ ਰਾਹੀ ਕਮਿਸ਼ਨਰ ਨਗਰ ਨਿਗਮ, ਜਲੰਧਰ ਜੀ ਨੂੰ ਲਿਖ ਕੇ ਬੇਨਤੀ ਕੀਤੀ ਹੈ ਕਿ ਮੁਹੱਲਾ ਕਬੀਰ ਨਗਰ ਆਰੀਆ ਸਮਾਜ ਧਰਮਸ਼ਾਲਾ ਵਿੱਚ ਇੱਕ ਲਾਈਬ੍ਰੇਰੀ ਹੈ। ਜਿਸ ਵਿੱਚ ਅਖ਼ਬਾਰ ਲਗਵਾਉਣ ਦੀ ਇਜਾਜਤ ਦਿੱਤੀ ਜਾਵੇ, ਜਿਸ ਤੇ ਲਾਈਬ੍ਰੇਰੀਅਨ ਨੇ ਰਿਪੋਰਟ ਕੀਤੀ ਹੈ ਕਿ ਕਿਸੇ ਵੀ ਸੁਸਾਇਟੀ ਜਾਂ ਮੰਦਿਰ ਵਿੱਚ ਨਗਰ ਨਿਗਮ, ਵੱਲੋ ਤਿੰਨ ਅਖਬਾਰਾ ਮਦਦ ਵਜੋਂ ਦਿੱਤੀਆਂ ਜਾਂਦੀਆਂ ਹਨ ਪਰ ਇਸ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 17.04.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 20.04.2018 ਰਾਹੀਂ ਤਜਵੀਜ ਹਾਊਸ ਵਿਚ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-79

ਵਿਸ਼ਾ :- ਸ਼ਹੀਦ ਭਗਤ ਸਿੰਘ ਦੀ ਪ੍ਰਤੀਮਾ ਦੀ ਦੁਬਾਰਾ ਸਥਾਪਨਾ ਕਰਨ ਸਬੰਧੀ ਬਿਨੈ-ਪੱਤਰ।

ਪੜ੍ਹਿਆ ਦਫ਼ਤਰੀ ਨੋਟ ਬੀ.ਐਂਡ.ਆਰ ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨੀਅਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਫੈਨ ਭਗਤ ਸਿੰਘ ਦੇ ਕਲੱਬ ਐਂਡ ਵੈਲਫੇਅਰ ਸੋਸਾਇਟੀ ਵੱਲੋ ਦਫ਼ਤਰ ਵਿਖੇ ਪੱਤਰ ਨੰ: 5416 ਮਿਤੀ : 12.03.2018 ਪ੍ਰਾਪਤ ਹੋਇਆ ਸੀ। ਜਿਸ ਵਿੱਚ ਉਹਨਾਂ ਨੇ ਬੇਨਤੀ ਕੀਤੀ ਸੀ ਕਿ ਸ਼ਹੀਦ ਭਗਤ ਸਿੰਘ ਚੌਂਕ ਉੱਤੇ ਉਹ ਇੱਕ ਨਵੀਂ ਸ਼ਹੀਦ ਭਗਤ ਸਿੰਘ ਜੀ ਦੀ ਪ੍ਰਤੀਮਾ ਸਥਾਪਿਤ ਕਰਨਾ ਚਾਹੁੰਦੇ ਹਨ। ਇਸ ਸਬੰਧੀ ਸੁਸਾਇਟੀ ਦੇ ਨੁਮਾਇੰਦੇਂ ਨਾਲ ਜੁਬਾਨੀ ਤੌਰ ਤੇ ਵੀ ਗੱਲਬਾਤ ਹੋਈ ਹੈ, ਜਿਸ ਤੇ ਉਹਨਾਂ ਨੇ ਦੱਸਿਆ ਹੈ ਕਿ ਉਹ ਸ਼ਹੀਦ ਭਗਤ ਸਿੰਘ ਜੀ ਦੀ ਸੰਗਮਰਮਰ ਦੀ ਪ੍ਰਤੀਮਾ ਦੀ ਸਥਾਪਨਾ ਕਰਨਾ ਚਾਹੁੰਦੇ ਹਨ। ਜਿਸ ਦੀ ਉਚਾਈ ਲਗਭਗ 6 ਫੁੱਟ ਹੋਵੇਗੀ। ਪ੍ਰਤੀਮਾ ਦੀ ਸਥਾਪਨਾ ਆਦਿ ਜ਼ੋ ਵੀ ਖਰਚਾ ਹੋਵੇਗਾ ਉਹ ਸੁਸਾਇਟੀ ਵੱਲੋ ਆਪਣੇ ਪੱਧਰ ਤੇ ਖਰਚ ਕੀਤਾ ਜਾਵੇਗਾ। ਇਸ ਸਬੰਧੀ ਨਗਰ ਨਿਗਮ ਦੇ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੈਣੀ ਵਾਜਬ ਹੈ ।ਨਿਗਰਾਨ ਇੰਜੀਨੀਅਰ ਬੀ.ਐਂਡ.ਆਰ ਨੇ ਮਿਤੀ : 23.03.2018 ਰਾਹੀ ਤਜਵੀਜ਼ ਹਾਊਸ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 26.03.2018 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਣਯੋਗ ਮੇਅਰ ਜੀ ਦੇ ਅਦੇਸ਼ ਮਿਤੀ : 20.04.2018 ਰਾਹੀਂ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-80

ਵਿਸ਼ਾ :- ਤਜਵੀਜ਼ ਸ਼ਹਿਰ ਵਿੱਚ 500 ਵਰਗ ਫੁੱਟ ਦੇ ਬਣੇ ਫਲੈਟਾਂ ਦੇ ਪਾਣੀ ਦੇ ਬਿੱਲ ਮਾਫ ਕਰਨ ਸਬੰਧੀ।

ਤਜਵੀਜ਼ ਸ਼੍ਰੀਮਤੀ ਊਮਾ ਬੇਰੀ, ਕੌਂਸਲਰ ਜਿਸ ਦੀ ਪੁਸ਼ਟੀ ਸ਼੍ਰੀ ਪਲਨੀ ਅੱਪਨ, ਕੌਂਸਲਰ ਨੇ ਕੀਤੀ ਹੈ ਕਿ ਇਹ ਵੇਖਣ ਦੇ ਵਿੱਚ ਆਇਆ ਹੈ ਕਿ ਸ਼ਹਿਰ ਦੇ ਵਿੱਚ ਜ਼ੋ ਪਲਾਂਟ 5 ਮਰਲੇ ਤੋਂ ਘੱਟ ਅਤੇ ਇਹ ਗਰੀਬ ਅਬਾਦੀ ਹੈ। ਪੰਜਾਬ ਸਰਕਾਰ ਵੱਲੋ ਪੰਜ ਮਰਲੇ ਤੋਂ ਘੱਟ ਮਕਾਨਾਂ ਦਾ ਪਾਣੀ ਦਾ ਬਿੱਲ ਮਾਫ ਕਰਨ ਸਬੰਧੀ ਜ਼ੋ ਸਕੀਮ ਚੱਲ ਰਹੀ ਹੈ, ਸ਼ਹਿਰ ਵਿੱਚ ਬਣੇ 500 ਵਰਗ ਫੁੱਟ ਦੇ ਬਣੇ ਫਲੈਟਾਂ ਨੂੰ ਇਸ ਮਾਫੀ ਸਕੀਮ ਦੇ ਤਹਿਤ ਲਿਆਦਾਂ ਜਾਵੇ। ਕਿਉਂਕਿ ਇਨ੍ਹਾਂ ਫਲੈਟਾਂ ਵਿੱਚ ਰਹਿਣ ਵਾਲੇ ਲੋਕ ਵੀ ਗਰੀਬੀ ਤਬਕੇ ਦੇ ਨਾਲ ਸਬੰਧ ਰੱਖਦੇ ਹਨ ਜਦਕਿ ਸ਼ਹਿਰ ਦੇ ਕਈ ਇਲਾਕੇ ਇਹੋ ਜਿਹੇ ਹਨ ਜਿੱਥੇ ਕਿ 5 ਮਰਲੇ ਮਕਾਨਾਂ ਦੀ ਕੀਮਤ ਲੱਖਾਂ-ਕਰੋੜਾਂ ਰੁਪਏ ਹੈ ਪਰ ਉਨ੍ਹਾਂ ਦੇ ਪਾਣੀ ਦੇ ਬਿੱਲ ਮਾਫ ਹਨ। ਮੈਂ ਤਜਵੀਜ਼ ਰੱਖਦੀ ਹਾਂ ਕਿ ਸ਼ਹਿਰ ਵਿੱਚ ਬਣੇ ਫਲੈਟਾਂ ਦੇ ਵੀ ਪਾਣੀ ਦੇ ਬਿੱਲ ਵੀ ਪੰਜਾਬ ਸਰਕਾਰ ਦੀ ਸਕੀਮ ਤੇ ਤਹਿਤ ਮਾਫੀ ਨਾਮੇ ਦੇ ਵਿੱਚ ਪਾਏ ਜਾਣ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 18.06.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-81

ਵਿਸ਼ਾ :- ਵਾਰਡ ਨੰ: 6 ਬਲਦੇਵ ਨਗਰ ਵਿਖੇ ਬਣੀ ਨਵੀਂ ਪਾਰਕ ਦਾ ਨਾਮ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਣ ਬਾਰੇ।

ਤਜਵੀਜ਼ ਸ਼੍ਰੀ ਨਿਰਮਲ ਸਿੰਘ ਕੌਂਸਲਰ ਵਾਰਡ ਨੰ: 6 ਜਿਸ ਦੀ ਪੁਸ਼ਟੀ ਸ਼੍ਰੀਮਤੀ ਰਜਨੀ ਮੱਟੂ ਕੌਂਸਲਰ ਵਾਰਡ ਨੰ: 57 ਨੇ ਕੀਤੀ ਹੈ ਕਿ ਮੇਰੇ ਵਾਰਡ ਦੀ ਬਲਦੇਵ ਨਗਰ ਦੀ ਪਾਰਕ ਜ਼ੋ ਕਿ ਹੁਣ ਬਣ ਕੇ ਤਿਆਰ ਹੈ। ਇਸ ਪਾਰਕ ਦਾ ਨਾਮ ਸਿੱਖ ਕੌਂਮ ਦੇ ਮਹਾਨ ਸ਼ਹੀਦਾਂ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਿਆ ਜਾਵੇ। ਇਹ ਸ਼ਹੀਦਾ ਨੂੰ ਸਾਡੇ ਵੱਲੋ ਅਸਲ ਸ਼ਰਧਾਂਜਲੀ ਹੋਵੇਗੀ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 20.06.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-82

ਵਿਸ਼ਾ: ਨਿਊ ਕੈਲਾਸ਼ ਨਗਰ, ਗੁੱਜਾਪੀਰ ਰੋਡ, ਜਲੰਧਰ ਮੈਸ. ਕਪੂਰ ਕਰਿਆਨਾ ਸਟੋਰ ਵਿੱਚ ਲੱਗੀ ਅੱਗ ਦੋਰਾਨ ਝੁਲਸੇ ਫਾਇਰ ਬ੍ਰਿਗੇਡ ਦੇ ਮੁਲਾਜਮਾਂ ਦਾ ਇਲਾਜ ਕਰਵਾਉਣ ਲਈ ਆਰਜੀ ਐਡਵਾਂਸ ਲੈਣ ਬਾਰੇ।

ਪੜ੍ਹਿਆ ਨੋਟ ਏ.ਡੀ.ਐਫ.ਓ. ਕਿ ਮਿਤੀ: 19-3-18 ਨੂੰ ਮੈਸ. ਕਪੂਰ ਕਰਿਆਨਾ ਸਟੋਰ ਨਿਊ ਕੈਲਾਸ਼ ਨਗਰ, ਗੁੱਜਾਪੀਰ ਰੋਡ, ਜਲੰਧਰ ਵਿਖੇ ਅੱਗ ਦੀ ਘਟਨਾ ਦੀ ਸੂਚਨਾ ਪ੍ਰਾਪਤ ਹੋਣ ਤੇ ਨੇੜੇ ਦੇ ਸਬ ਫਾਇਰ ਸਟੇਸ਼ਨ ਦਾਦਾ ਕਲੋਨੀ, ਲੀਡਿੰਗ ਫਾਇਰਮੈਨ ਸ਼੍ਰੀ ਵਿਪਨ ਕੁਮਾਰ ਸਮੇਤ ਕਿਰਊ ਗੱਡੀ ਨੰ: PB08 AC 0739 ਲੈ ਕੇ ਅੱਗ ਵਾਲੀ ਘਟਨਾ ਤੇ ਪਹੁੰਚ ਤੇ ਕੰਮ ਕਰਨਾ ਸ਼ੁਰੂ ਕੀਤਾ ਹੀ ਸੀ ਤਾਂ ਮਿੱਟੀ ਦੇ ਤੇਲ ਦੇ ਡਰੰਮਾਂ ਵਿੱਚ ਧਮਾਕਾ ਹੋਣ ਨਾਲ ਅੱਗ ਦਾ ਗੋਲਾ ਬਾਹਰ ਕੰਮ ਕਰ ਰਹੇ ਇਨਾਂ 3 ਮੁਲਾਜਮਾਂ ਤੇ ਡਿੱਗਿਆ। ਜਿਸ ਨਾਲ ਇਹ 3 ਮੁਲਾਜਮਾਂ ਝੁਲਸ ਗਏ ਜਿੰਨਾਂ ਨੂੰ ਨੇੜੇ ਦੇ ਜਨਤਾ ਹਸਪਤਾਲ, ਪਠਾਨਕੋਟ ਚੋਂਕ ਵਿਖੇ ਦਾਖਲ ਕਰਵਾਇਆ ਗਿਆ। ਜਿੰਨਾਂ ਦੇ ਨਾਮ ਹੇਠ ਲਿਖੇ ਅਨੁਸਾਰ ਹੈ।

ਲੜੀ ਨੰ:	ਨਾਮ	ਅਹੁਦਾ	ਟਿੱਪਣੀ
1	ਸ਼੍ਰੀ ਵਿਪਨ ਕੁਮਾਰ ਰੈਗੂਲਰ	ਲੀਡਿੰਗ ਫਾਇਰਮੈਨ	ਡਾਕਟਰ ਦੇ ਦੱਸੇ ਅਨੁਸਾਰ ਤਕਰੀਬਨ 40% ਝੁਲਸ ਗਿਆ ਹੈ।
2	ਸ਼੍ਰੀ ਸੁਰਿੰਦਰ ਕੁਮਾਰ ਪੈਸਕੋ ਕਰਮਚਾਰੀ	ਡਰਾਇਵਰ	ਡਾਕਟਰ ਦੇ ਦੱਸੇ ਅਨੁਸਾਰ ਤਕਰੀਬਨ 20% ਝੁਲਸ ਗਿਆ ਹੈ।
3	ਸ਼੍ਰੀ ਮਨਿੰਦਰਜੀਤ ਸਿੰਘ ਪੈਸਕੋ ਕਰਮਚਾਰੀ	ਫਾਇਰਮੈਨ	ਡਾਕਟਰ ਦੇ ਦੱਸੇ ਅਨੁਸਾਰ ਤਕਰੀਬਨ 20% ਝੁਲਸ ਗਿਆ ਹੈ।

ਹਸਪਤਾਲ ਵਿੱਚ ਵਧੀਕ ਕਮਿਸ਼ਨਰ ਅਤੇ ਮਾਨਯੋਗ ਮੇਅਰ ਜੀ ਇਨਾਂ ਕਰਮਚਾਰੀਆਂ ਦਾ ਮੌਕੇ ਤੇ ਪਤਾ ਲੈਣ ਪਹੁੰਚੇ। ਉਕਤ 3 ਮੁਲਾਜਮਾਂ ਵਿਚੋਂ ਸ਼੍ਰੀ ਵਿਪਨ ਕੁਮਾਰ ਨੂੰ ਜਿਆਦਾ ਝੁਲਸ ਜਾਣ ਕਾਰਨ ਉਚ ਅਧਿਕਾਰੀਆਂ ਦੇ ਹੁਕਮਾਂ ਨਾਲ ਜਨਤਾ ਹਸਪਤਾਲ ਤੋਂ ਸ਼ਾਮ ਸਮੇਂ ਪਸਰੀਚਾ ਹਸਪਤਾਲ ਕਪੂਰਥਲਾ ਚੋਂਕ ਵਿਖੇ ਦਾਖਲ ਕਰਵਾਇਆ ਗਿਆ। ਇਨਾਂ ਕਰਮਚਾਰੀਆਂ ਦੇ ਇਲਾਜ ਤੇ ਹਸਪਤਾਲ ਦੇ ਦੱਸੇ ਅਨੁਸਾਰ ਕਾਫੀ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਹਾਲ ਦੀ ਘੜੀ 3 ਲੱਖ ਰੁਪਏ ਆਰਜੀ ਅਡਵਾਂਸ ਸਬੰਧਤ ਕਰਮਚਾਰੀ ਅਤੇ ਏ.ਡੀ.ਐਫ.ਓ. ਦੇ ਨਾਮ ਤੇ ਜਾਰੀ ਕੀਤਾ ਜਾਵੇ ਜਿਸ ਦੀ ਹਸਪਤਾਲ ਦੇ ਬਿੱਲ ਪ੍ਰਾਪਤ ਹੋਣ ਤੇ ਅਡਜਸਟਮੈਂਟ ਕਰਵਾ ਦਿੱਤੀ ਜਾਵੇਗੀ। ਇਸ ਐਮਰਜੈਂਸੀ ਨੂੰ ਮੁੱਖ ਰੱਖਦੇ ਹੋਏ ਇਹ ਆਰਜੀ ਅਡਵਾਂਸ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ ਅਤੇ ਪੈਸਕੋ ਕਰਮਚਾਰੀ ਸ਼੍ਰੀ ਸੁਰਿੰਦਰ ਕੁਮਾਰ ਡਰਾਇਵਰ ਅਤੇ ਸ਼੍ਰੀ ਮਨਿੰਦਰਜੀਤ ਸਿੰਘ ਦੇ ਇਲਾਜ ਤੇ ਆਉਣ ਵਾਲੇ ਖਰਚੇ ਨੂੰ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 82(3) ਤਹਿਤ ਨਗਰ ਨਿਗਮ ਦੇ ਫੰਡਜ ਤੇ ਜਾਇਜ ਬੋਝ ਕਰਾਰ ਦਿੰਦੇ ਹੋਏ ਪ੍ਰਵਾਨਗੀ ਦਿੱਤੀ ਜਾਵੇ । ਕਮਿਸ਼ਨਰ ਜੀ ਨੇ ਮਿਤੀ: 20-3-18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਵਲੋਂ ਮਿਤੀ: 20-3-2018 ਰਾਹੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਤਜਵੀਜ ਮੰਜੂਰੀ ਦਿੱਤੀ ਹੈ।

ਤਜਵੀਜ਼ ਹਾਊਸ ਵਿੱਚ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਸ੍ਰੀ ਵਿਪਨ ਕੁਮਾਰ, ਲੀਡਿੰਗ ਫਾਇਰਮੈਨ ਦੇ ਇਲਾਜ ਤੇ ਆਉਣ ਵਾਲੇ ਖ਼ਰਚੇ ਨੂੰ ਵੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 82(3) ਤਹਿਤ ਸਰਕਾਰ ਪ੍ਰਵਾਨਗੀ ਦੇਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-83

ਵਿਸ਼ਾ :- ਸ਼੍ਰੀ ਲੇਖ ਰਾਜ, ਗਰਾਊਂਡ ਮੈਨ ਨੂੰ ਅਗੇਤੀ ਸੇਵਾਮੁਕਤੀ ਦੇਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਅਮਲਾ ਸ਼ਾਖਾ ਮਿਤੀ 8.3.2018 ਜਿਸ ਨਾਲ ਅਮਲਾ ਸੁਪਰਡੰਟ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਸ਼੍ਰੀ ਲੇਖ ਰਾਜ, ਗਰਾਊਂਡ ਮੈਨ ਵੱਲੋਂ ਦਫ਼ਤਰੀ ਰਸੀਟ ਨੰ : 5121 ਮਿਤੀ : 21.02.2018 ਰਾਹੀਂ ਤਿੰਨ ਮਹੀਨਿਆਂ ਦਾ ਨੋਟਿਸ ਦਿੰਦੇ ਹੋਏ ਬੇਨਤੀ ਕੀਤੀ ਗਈ ਹੈ ਕਿ ਉਹ ਕੁੱਝ ਘਰੇਲੂ ਕਾਰਨਾਂ ਕਰਕੇ ਅਗੇਤੀ ਸੇਵਾ ਮੁਕਤੀ ਲੈਣਾ ਚਾਹੁੰਦਾ ਹੈ।

ਉਪਰੋਕਤ ਦੇ ਸਬੰਧ ਵਿੱਚ ਸਬੰਧਤ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਇਸ ਕਰਮਚਾਰੀ ਦੀ ਨਿਯੁਕਤੀ ਬਤੋਰ ਗਰਾਊਂਡ ਮੈਨ ਮਿਤੀ : 21.07.1978 ਨੂੰ ਹੋਈ ਸੀ, ਇਸ ਕਰਮਚਾਰੀ ਦੀ ਜਨਮ ਮਿਤੀ : 20.07.1960 ਹੈ ਅਤੇ ਇਸ ਦੀ ਸੇਵਾ ਮੁਕਤੀ ਦੀ ਮਿਤੀ : 31.07.2020 ਹੈ। The Punjab Civil Services (Premature Retirement) Rules 1975 ਅਨੁਸਾਰ ਕੋਈ ਵੀ ਕਰਮਚਾਰੀ 25 ਸਾਲ ਦੀ ਸੇਵਾ ਪੂਰੀ ਕਰਨ ਜਾਂ 50 ਸਾਲ ਦੀ ਉਮਰ ਤੋਂ ਬਾਅਦ ਅਗੇਤੀ ਸੇਵਾਮੁਕਤੀ ਲੈ ਸਕਦਾ ਹੈ। ਇਸ ਸਬੰਧ ਵਿੱਚ ਕਰਮਚਾਰੀ ਨੂੰ 3 ਮਹੀਨੇ ਦਾ ਐਡਵਾਂਸ ਨੋਟਿਸ ਦੇਣਾ ਹੋਵੇਗਾ।

ਬਿਲ ਕਲਰਕ ਦੀ ਰਿਪੋਰਟ ਅਨੁਸਾਰ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਜਾਂ ਚੋਕਸੀ ਜਾਂਚ ਲੰਬਿਤ ਨਹੀਂ ਹੈ। ਇਸ ਤਰ੍ਹਾਂ ਇਸ ਕਰਮਚਾਰੀ ਦੀ ਅਗੇਤੀ ਸੇਵਾਮੁਕਤੀ ਦੀ ਮਿਤੀ : 21.05.2018 ਬਣਦੀ ਹੈ। ਸ਼੍ਰੀ ਲੇਖ ਰਾਜ, ਗਰਾਊਂਡ ਮੈਨ ਵੱਲੋਂ ਅਗੇਤੀ ਸੇਵਾਮੁਕਤੀ ਦੀ ਪ੍ਰਵਾਨਗੀ ਸਬੰਧੀ ਤਜਵੀਜ ਮਾਨਯੋਗ ਹਾਊਸ, ਨਗਰ ਨਿਗਮ, ਜਲੰਧਰ ਦੇ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਿਸ਼ ਕੀਤੀ ਹੈ।ਜਿਸ ਨਾਲ ਵਧੀਕ ਕਮਿਸ਼ਨਰ ਨੇ ਮਿਤੀ 13.3.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 20.3.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.3.2018 ਰਾਹੀਂ ਤਜਵੀਜ ਹਾਊਸ ਵਿਚ ਪ੍ਰਵਾਨਗੀ ਹਿਤ ਭੇਜਿਆ ਗਿਆ ਸੀ।

ਇਸ ਉਪਰੰਤ ਬੀ.ਐਂਡ ਆਰ. ਸ਼ਾਖਾ ਦੀ ਰਿਪੋਰਟ ਮਿਤੀ 10.5.2018 ਨੂੰ ਮੁੱਖ ਰੱਖਦੇ ਹੋਏ ਅਮਲਾ ਸੁਪਰਡੈਂਟ ਵਲੋਂ ਮਿਤੀ 14.05.2018 ਰਾਹੀਂ ਰਿਪੋਰਟ ਕੀਤੀ ਗਈ ਕਿ ਮੋਜੂਦਾ ਸਮੇਂ ਹਾਊਸ ਦੀ ਮੀਟਿੰਗ ਨਾ ਹੋਣ ਕਾਰਨ ਇਸ ਕਰਮਚਾਰੀ ਦੀ ਅਗੇਤੀ ਸੇਵਾ ਮੁਕਤੀ ਸਬੰਧੀ ਮਤਾ ਹਾਊਸ ਦੇ ਵਿਚਾਰ ਹਿਤ ਪੇਸ਼ ਨਹੀਂ ਕੀਤਾ ਗਿਆ, ਕਿਉਂ ਜ਼ੋ ਇਸ ਸਮੇਂ ਚੋਣ ਜਾਬਤਾ ਲੱਗਾ ਹੋਇਆ ਹੈ ਜ਼ੋ ਕਿ ਮਿਤੀ 31.5.2018 ਤੱਕ ਲਾਗੂ ਹੈ। ਇਸ ਕਰਮਚਾਰੀ ਦੀ ਅਗੇਤੀ ਸੇਵਾ ਮੁਕਤੀ ਸਬੰਧੀ ਨੋਟਿਸ ਅਨੁਸਾਰ ਕਰਮਚਾਰੀ ਦੀ ਸੇਵਾ ਮੁਕਤੀ ਮਿਤੀ 21.5.2018 ਨੂੰ ਬਣਦੀ ਹੈ।ਇਸ ਲਈ ਸ੍ਰੀ ਲੇਖ ਰਾਜ, ਗਰਾਉਂਡਮੈਂਨ ਦੀ ਅਗੇਤੀ ਸੇਵਾ ਮੁਕਤੀ ਸਬੰਧੀ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 16.5.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 17.5.2018 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,

25.6.2018

ਮਤਾ ਨੰਬਰ:-84

ਵਿਸ਼ਾ:- ਸ਼੍ਰੀ ਗੋਗੀ, ਪੇਂਟਰ ਨੂੰ ਅਗੇਤੀ ਸੇਵਾ ਮੁਕਤੀ ਦੇਣ ਸਬੰਧੀ।

ਸ਼੍ਰੀ ਗੋਗੀ, ਪੇਂਟਰ ਵੱਲੋਂ ਦਫ਼ਤਰੀ ਰਸੀਟ ਨੰਬਰ : 5471 ਮਿਤੀ : 15.03.2018 ਰਾਹੀਂ 3 ਮਹੀਨਿਆਂ ਦਾ ਨੋਟਿਸ ਦਿੰਦੇ ਹੋਏ ਬੇਨਤੀ ਕੀਤੀ ਗਈ ਹੈ ਕਿ ਉਹ ਕੁੱਝ ਘਰੇਲੂ ਕਾਰਨਾਂ ਕਰਕੇ ਅਗੇਤੀ ਸੇਵਾਮੁਕਤੀ ਲੈਣਾ ਚਾਹੁੰਦਾ ਹੈ। ਉਪਰੋਕਤ ਦੇ ਸਬੰਧ ਵਿੱਚ ਸੰਬੰਧਤ ਸ਼ਾਖਾ ਵੱਲੋ ਰਿਪੋਰਟ ਕੀਤੀ ਗਈ ਹੈ ਕਿ ਇਸ ਕਰਮਚਾਰੀ ਦੀ ਨਿਯੁਕਤੀ ਬਤੋਰ ਹੈਲਪਰ ਮਿਤੀ : 02.08.1982 ਨੂੰ ਹੋਈ ਸੀ ਅਤੇ ਮਿਤੀ : 12.11.1999 ਨੂੰ ਇਸ ਦੀ ਪਦਉੱਨਤੀ ਬਤੋਰ ਪੇਂਟਰ ਹੋਈ ਸੀ। ਇਸ ਕਰਮਚਾਰੀ ਦੀ ਜਨਮ ਮਿਤੀ : 01.07.1961 ਹੈ ਅਤੇ ਇਸਦੀ ਸੇਵਾਮੁਕਤੀ ਦੀ ਮਿਤੀ : 30.06.2019 ਹੈ।

ਉਪਰੋਕਤ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ The Punjab Civil Service (Premature Retierment) Rules 1975 ਅਨੁਸਾਰ ਕੋਈ ਵੀ ਕਰਮਚਾਰੀ 25 ਸਾਲ ਦੀ ਸੇਵਾ ਪੂਰੀ ਕਰਨ ਜਾਂ 50 ਸਾਲ ਦੀ ਉਮਰ ਤੋਂ ਬਾਅਦ ਅਗੇਤੀ ਸੇਵਾ ਮੁਕਤੀ ਲੈ ਸਕਦਾ ਹੈ। ਇਸ ਸਬੰਧ ਵਿੱਚ ਕਰਮਚਾਰੀ ਨੂੰ 3 ਮਹੀਨੇ ਦਾ ਐਂਡਵਾਂਸ ਨੋਟਿਸ ਦੇਣਾ ਹੋਵੇਗਾ।

ਸ਼੍ਰੀ ਗੋਗੀ, ਪੇਂਟਰ ਵੱਲੋ ਦਫ਼ਤਰੀ ਰਸੀਟ ਨੰਬਰ 5471 ਮਿਤੀ : 15.03.2018 ਰਾਹੀਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ 3 ਮਹੀਨਿਆਂ ਦਾ ਨੋਟਿਸ ਦਿੰਦੇ ਹੋਏ ਅਗੇਤੀ ਸੇਵਾਮੁਕਤੀ ਲੈਣ ਹਿੱਤ ਬੇਨਤੀ ਕੀਤੀ ਹੈ ਅਤੇ ਬਿਲ ਕਲਰਕ ਦੀ ਰਿਪੋਰਟ ਅਨੁਸਾਰ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਜਾਂ ਚੋਕਸੀ ਜਾਂਚ ਲੰਬਿਤ ਨਹੀਂ ਹੈ। ਇਸ ਤਰ੍ਹਾਂ ਇਸ ਕਰਮਚਾਰੀ ਦੀ ਅਗੇਤੀ ਸੇਵਾਮੁਕਤੀ ਸਬੰਧੀ ਨੋਟਿਸ ਦਾ ਸਮਾਂ 14.06.2018 ਨੂੰ ਪੂਰਾ ਹੋ ਜਾਂਦਾ ਹੈ ਅਤੇ ਇਸ ਕਰਮਚਾਰੀ ਨੂੰ 14.06.2018 ਤੋਂ ਸੇਵਾਮੁਕਤ ਕਰਨਾ ਬਣਦਾ ਹੈ।

ਉਪਰੋਕਤ ਦੇ ਸਬੰਧ ਵਿੱਚ ਸ਼੍ਰੀ ਗੋਗੀ, ਪੇਂਟਰ ਦੀ ਅਗੇਤੀ ਸੇਵਾਮੁਕਤੀ ਦੀ ਪ੍ਰਵਾਨਗੀ ਸਬੰਧੀ ਤਜਵੀਜ ਹਾਊਸ ਨਗਰ ਨਿਗਮ, ਜਲੰਧਰ ਦੇ ਵਿਚਾਰ ਹਿੱਤ ਭੇਜਿਆ ਗਿਆ ਸੀ। ਪਰੰਤੂ ਕਿਉਂ ਜ਼ੋ ਮਾਣਯੋਗ ਹਾਊਸ ਦੀ ਮੀਟਿੰਗ ਅੱਜ ਮਿਤੀ : 06.06.2018 ਤੱਕ ਨਹੀਂ ਹੋਈ ਹੈ। ਇਸ ਲਈ ਇਸ ਕਰਮਚਾਰੀ ਦਾ ਅਗੇਤੀ ਸੇਵਾਮੁਕਤੀ ਸਬੰਧੀ ਤਜਵੀਜ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 13.06.2018 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 14.06.2018 ਰਾਹੀ ਉਕਤ ਤਜ਼ਵੀਜ਼ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜਵੀਜ਼ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ,
25.6.2018

ਮਤਾ ਨੰਬਰ:-85

ਵਿਸ਼ਾ:- ਨਗਰ ਨਿਗਮ ਜਲੰਧਰ ਵਿਚ ਕੰਮ ਕਰ ਰਹੇ ਕਲਰੱਕਾਂ ਨੂੰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਬਾਰੇ।

ਪੜ੍ਹਿਆ ਦਫਤਰੀ ਨੋਟ ਅਮਲਾ ਸਾਖਾ ਮਿਤੀ 24.4.2018 ਜਿਸ ਨਾਲ ਸੁਪਰਡੰਟ ਅਮਲਾ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਵਿਚ ਕੰਮ ਕਰ ਰਹੇ ਕਲਰੱਕਾਂ ਨੂੰ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਸਬੰਧ ਮਤੇ (ਮਤਾ ਨੰ: 2 ਮਿਤੀ 5.3.2018) ਬਾਰੇ ਨਗਰ ਨਿਗਮ ਹਾਊਸ ਵਲੋਂ ਫੈਸਲਾ ਲਿਆ ਗਿਆ ਸੀ ਕਿ ਇਸ ਮੱਦ ਸਬੰਧੀ ਇਕ ਕਮੇਟੀ ਗਠਨ ਕਰਨ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ ।

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਲੱਰਕਾਂ ਤੋਂ ਬਤੌਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਹਰ ਸਾਲ ਦਿੱਤਾ ਜਾ ਰਿਹਾ ਹੈ । ਇਸ ਸਬੰਧੀ ਮਾਨਯੋਗ ਵਧੀਕ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ, ਇਸ ਕਮੇਟੀ ਵਲੋਂ ਨਿਯਮਾਂ ਅਨੁਸਾਰ ਸਬੰਧਤ ਕਰਮਚਾਰੀਆਂ ਨੂੰ ਜੂਨੀਅਰ ਸਹਾਇਕ ਦੀ ਪਲੇਸਮੈਂਟ ਦਾ ਲਾਭ ਦੇਣ ਦੀ ਸਿ਼ਫਾਰਸ਼ ਕੀਤੀ ਗਈ ਹੈ ਅਤੇ ਪ੍ਰਥਾ ਅਨੁਸਾਰ ਅੱਜ ਤੱਕ ਕਲਰੱਕਾਂ ਤੋਂ ਜੂਨੀਅਰ ਸਹਾਇਕ ਕਮੇਟੀ ਦੀਆਂ ਸਿ਼ਫਾਰਸ਼ਾਂ ਉਪਰੰਤ ਹੀ ਬਣਾਏ ਜਾਂਦੇ ਹਨ। ਕਲੱਰਕਾਂ ਨੂੰ ਬਤੌਰ ਜੂਨੀਅਰ ਸਹਾਇਕ ਬਣਾਉਣ ਵਿਚ ਦੇਰੀ ਹੋਣ ਕਾਰਨ ਕਰਮਚਾਰੀਆਂ ਦੇ ਮਨੋਬਲ ਤੇ ਅਸਰ ਪੈ ਰਿਹਾ ਹੈ।ਇਸ ਲਈ ਹੇਠ ਲਿਖੇ ਲੜੀ ਨੰ:59 ਤੋਂ 68 ਤੱਕ ਦੇ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਮਿਤੀ:01.01.2017 ਤੋਂ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ:-

ਸੀਨੀਆਰਤਾ ਸੂਚੀ ਦਾ ਲੜੀ ਨੰ:	ਕਰਮਚਾਰੀ ਦਾ ਨਾਮ	ਪਿਤਾ ਦਾ ਨਾਮ	ਬਤੋਰ ਕਲਰਕ ਜੁਆਇਨਿੰਗ ਦੀ ਮਿਤੀ	ਸੇਵਾਮੁਕਤੀ ਦੀ ਮਿਤੀ	ਵਿਭਾਗੀ ਜਾਂਚ ਲੰਬਿਤ ਹੈ ਜਾਂ ਨਹੀਂ
59	ਸ਼੍ਰੀ ਰਜਿੰਦਰ ਸਿੰਘ	ਸ਼੍ਰੀ ਪਰਮਜੀਤ ਸਿੰਘ	16.05.2000	31.05.2033	ਨਹੀਂ
60	ਸ਼੍ਰੀਮਤੀ ਰਜਨੀ ਸ਼ਰਮਾ	ਸ਼੍ਰੀ ਰਾਜੇਸ਼	29.09.2000	31.12.2032	ਨਹੀਂ
61	ਸ਼੍ਰੀ ਕੰਵਲ ਚੰਦਨ	ਸ਼੍ਰੀ ਦਰਸ਼ਨ ਸਿੰਘ	21.06.2001	31.08.2027	ਨਹੀਂ
62	ਸ਼੍ਰੀ ਮਨੀਸ਼ ਕੁਮਾਰ	ਸ਼੍ਰੀ ਰਾਮ ਰਤਨ	21.08.2001	30.09.2037	ਨਹੀਂ
63	ਸ਼੍ਰੀਮਤੀ ਮਨਜੀਤ ਕੋਰ	ਸ਼੍ਰੀ ਜਗਦੀਸ਼ ਚੰਦਰ	09.10.2001	30.04.2017	ਨਹੀਂ
64	ਸ਼੍ਰੀ ਰਾਜਨ ਗੁਪਤਾ	ਸ਼੍ਰੀ ਪਰਮੋਦ ਗੁਪਤਾ	20.08.2002	30.11.2034	ਨਹੀਂ
65	ਸ਼੍ਰੀ ਨੀਰਜ ਸਾਹੀ	ਸ਼੍ਰੀ ਸੁਰਿੰਦਰ ਪਾਲ ਸਾਹੀ	02.06.2003	30.11.2039	ਨਹੀਂ
66	ਸ਼੍ਰੀ ਅਮਿਤ ਸ਼ਰਮਾ	ਸ਼੍ਰੀ ਪਵਨ ਕੁਮਾਰ	23.10.2003	29.02.2040	ਨਹੀਂ
67	ਸ਼੍ਰੀਮਤੀ ਕੁਸਮ ਲਤਾ	ਸ਼੍ਰੀ ਰਜਿੰਦਰ ਕੁਮਾਰ	27.04.2006	31.08.2020	ਨਹੀਂ
68	ਸ਼੍ਰੀ ਸਤਨਾਮ ਸਿੰਘ	ਸ਼੍ਰੀ ਗੁਰਮੇਲ ਸਿੰਘ	27.04.2006	31.05.2043	ਨਹੀਂ

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਹੇਠ ਅਨੁਸਾਰ ਕਲਰੱਕਾਂ ਨੂੰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਹਿਤ ਤਜਵੀਜ ਹਾਊਸ ਵਿਚ ਵਿਚਾਰ ਹਿਤ ਭੇਜਣ ਦੀ ਸਿ਼ਫਾਰਸ ਕੀਤੀ ਹੈ । ਵਧੀਕ ਕਮਿਸ਼ਨਰ ਨੇ ਮਿਤੀ 24.4.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 26.4.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 26.04.2018 ਰਾਹੀਂ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

